ਪਿਆਰ ਤਾਂ ਪਹਿਚਾਣ ਹੈ ਕਬਜ਼ਾ ਨਾ ਬੰਧਨ ਹੈ ਕੋਈ;
ਨਾਲ ਆਜ਼ਾਦੀ ਦੇ ਉੱਡਣ ਦੇ ਇਹ ਤਿੱਤਰ ਖੰਭੀਆਂ।

# ਤਿੱਤਰ ਖੰਭੀਆਂ

ਗ਼ਜ਼ਲ-ਸੰਗ੍ਰਹਿ

ਦਵਿੰਦਰ ਪ੍ਰੀਤ

# TITTAR KHAMBHIYAN

*A collection of Punjabi Gazals*

*by*

**DAVINDER PREET**
325, M.I.G. Chandigarh Road, Ludhiana.
Mob. 99140-02765

2009
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2009*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਦਿਲਾਂ ਵਿੱਚ ਪਲਦੀ ਪ੍ਰੀਤ ਦੇ ਨਾਂ

ਤੇ

ਸੁਪ੍ਰਸਿੱਧ ਆਲੋਚਕ, ਵਿਦਵਾਨ ਅਤੇ

ਮਹਾਨ ਬੁਲਾਰੇ ਮਹਿੰਦਰ ਸਿੰਘ ਚੀਮਾ

ਦੀ ਮਿੱਠੀ ਯਾਦ

ਨੂੰ

*ਪਹਿਲੀ ਕਾਪੀ ਪ੍ਰਿੰ. ਸ਼ਿਵਦੱਤ ਕਾਲੀਆ ਜੀ ਲਈ*

# ਤਤਕਰਾ


➣ ਤਿੱਤਰ ਖੰਭੀ ਆਕਾਸ਼ ਗੰਗਾ/ਸਰਦਾਰ ਪੰਛੀ 13
➣ ਇਕ ਅਸੀਸ ਇਕ ਪ੍ਰਸੰਸਾ/ਖੁਸ਼ਵੰਤ ਕੰਵਲ 16
➣ ਮੈਂ ਤੇ ਮੇਰੀਆਂ ਤਿੱਤਰ ਖੰਭੀਆਂ/ਦਵਿੰਦਰ ਪ੍ਰੀਤ 20
➣ ਕਰਿਆ ਕਰ ਨਾ ਇੰਝ ਗੱਲਾਂ 23
➣ ਮੈਨੂੰ ਤੇਰੀਆਂ ਮੁਹੱਬਤਾਂ ਦੀ ਲੋੜ ਸੱਜਣਾ 24
➣ ਤੇਰੇ ਵੱਲੋਂ ਜਦੋਂ ਹਵਾਵਾਂ ਆਉਣਗੀਆਂ 25
➣ ਜੇ ਲਾਇਆ ਤੂੰ ਮੈਨੂੰ.... 26
➣ ਯਾਦ ਉਸ ਦੀ ਆਉਂਦੀ ਹੈ ਤਾਂ ਚੁਪਕੇ ਚੁਪਕੇ 27
➣ ਮੇਰੀ ਗੱਲ ਉਸ ਦਾ ਹੁੰਗਾਰਾ ਜੀ ਸਦਕੇ 28
➣ ਜਦ ਕਦੇ ਵੀ ਬਾਤ ਉਹ ਅਪਣੀ ਸੁਣਾਇਆ ਕਰਨਗੇ 30
➣ ਕੁਝ ਪੰਛੀ ਮੁੜ ਆਉਂਦੇ ਸ਼ਾਮੀਂ 32
➣ ਮੇਰਾ ਦਿਲਬਰ ਮੇਰੇ ਦਿਲ ਵਿਚ ਰਹਿੰਦਾ ਹੈ 34
➣ ਮੈਂ ਓਸੇ ਨੂੰ ਪਿਆਰ ਹਾਂ ਕਰਦੀ 36
➣ ਫੁੱਲਾਂ ਉਤੇ ਬਸ ਤਿਤਲੀ ਨੇ ਆਉਣਾ ਹੈ 37
➣ ਕਦੇ ਨਜ਼ਦੀਕ ਆ ਬਹਿੰਦੇ ਕਦੇ ਉਹ ਦੂਰ ਰਹਿੰਦੇ ਨੇ 38
➣ ਮੈਂ ਜਦ ਜਦ ਵੀ ਲੰਮੀ ਨਜ਼ਰ ਦੁੜਾਈ ਸੀ 40
➣ ਭਾਵੇਂ ਰਾਤ ਹਨੇਰੀ ਸੀ 42
➣ ਦਿਲ ਦਾ ਦੁਖੜਾ ਫੋਲ ਕੇ ਵੀ ਦਿਲ ਭਾਰਾ ਹੈ 43
➣ ਜਦ ਵੀ ਠੰਡੀ 'ਵਾਅ ਦਾ ਬੁੱਲਾ ਆ ਜਾਵੇ 44
➣ ਆ ਗਈ ਹੈ ਉਸ ਦੇ ਆਵਣ ਦੀ ਖ਼ਬਰ 45
➣ ਜ਼ਾਬਰ ਨੂੰ ਹੈ ਸਬਕ ਸਿਖਾਉਣਾ ਚਾਹੀਦਾ 46
➣ ਮੇਰੀ ਪਿਆਸ ਨੂੰ ਕੋਈ ਸਾਗਰ ਨਾ ਮਿਲਿਆ 47
➣ ਮੇਰੇ ਬੋਲਾਂ ਧੁੰਮਾਂ ਪਾਉਂਦੇ ਰਹਿਣਾ 48
➣ ਸੁਣ ਤੇਰੀ ਕਨਸੋਅ ਵੇ ਸੱਜਣਾਂ 49
➣ ਮੇਰਾ ਦਿਲ ਮਹਿਕੀ ਗੁਲਜ਼ਾਰ ਬਣਾ ਜਾਵੀਂ 50
➣ ਮੈਂ ਤਾਂ ਅੰਦਰੋ ਅੰਦਰੀ ਭੁਰਦੇ ਵੇਖੇ ਨੇ ਇਨਸਾਨ 51
➣ ਜਿਨ੍ਹਾਂ ਕਰਨਾ ਕਮਾਲ ਉਹ ਕਮਾਲ ਕਰੀ ਜਾਂਦੇ 52

➢ ਹੁੰਦੇ ਨੇ ਬੇਵਸੀਲਾ, ਜੋ ਤੋੜਦੇ ਨਾ ਤੀਲ੍ਹਾ 54
➢ ਵਿਖਾਉਂਦੇ ਮੰਜ਼ਿਲਾਂ ਜਿਹੜੇ ਸਿਤਾਰੇ ਹੋਰ ਹੁੰਦੇ ਨੇ 55
➢ ਠੰਢੀ 'ਵਾਅ ਦਾ ਬੁੱਲਾ ਬਣ ਕੇ ਆ ਜਾਇਆ ਕਰ 56
➢ ਓਹੀ ਬੰਦੇ ਕਿਸਮਤ ਵਾਲੇ ਹੁੰਦੇ ਨੇ 57
➢ ਨੈਣ ਭਰਦੇ ਰਹੇ ਰੂਹ ਤੱੜਪਦੀ ਰਹੀ 58
➢ ਨਿਗਾਹ ਉਸ ਦੀ ਮੇਰਾ ਸੀਨਾ ਠਾਰਦੀ 59
➢ ਤਮਾਸ਼ਾ ਏਸ ਦੁਨੀਆਂ ਵਿੱਚ ਸਵੇਰੇ ਸ਼ਾਮ ਹੁੰਦਾ ਹੈ 60
➢ ਦਰਦ ਮੇਰਾ ਸੁਣਦਿਆਂ ਹੀ ਰਾਤ ਪੱਥਰ ਹੋ ਗਈ 62
➢ ਸੱਚੇ ਸੁੱਚੇ ਦਿਲ ਵਾਲੇ ਇਨਸਾਨ ਕਹਾਉਂਦੇ ਨੇ 63
➢ ਕੋਈ ਜਾਣ ਲੱਗਿਆ ਨਿਸ਼ਾਨੀ ਤਾਂ ਦੇ ਜਾ 64
➢ ਮੇਰੀ ਕਾਨੀ ਤਾਂ ਸੁੱਤੇ ਲਫ਼ਜ਼ ਦੀ ਕਿਸਮਤ ਜਗਾਉਂਦੀ ਹੈ 65
➢ ਜੋ ਪੂਰੀ ਹੋ ਨਹੀਂ ਸਕਦੀ, ਉਹ ਮੌਲਾ ਆਸ ਨਾ ਦੇਵੀਂ 66
➢ ਜੇ ਉਸ ਦੀ ਜੱਗ-ਜਾਹਰ ਕਹਾਣੀ ਹੋ ਜਾਏ 67
➢ ਚੰਗੀ ਲੱਗਦੀ ਜਦੋਂ ਕਹਾਣੀ ਪੂਰੀ ਹੁੰਦੀ ਹੈ 68
➢ ਜੇ ਤੂੰ ਆ ਕੇ ਜਾਣਾ ਹੁੰਦੈ 69
➢ ਅੱਖਾਂ ਅੰਦਰ ਜਦੋਂ ਖ਼ੁਮਾਰੀ ਹੁੰਦੀ ਹੈ 70
➢ ਹਰ ਤਰਫ਼ ਹੈ ਧੂੜ, ਧੂੰਆਂ ਹਰ ਤਰਫ਼ ਹੀ ਸ਼ੋਰ ਹੈ 72
➢ ਭਰਿਆ ਸੀ ਜੋ ਘੜਾ ਘੜੋਲਾ ਖਾਲੀ ਹੋਇਆ ਹੈ 73
➢ ਜਦੋਂ ਵੀ ਨਾਲ ਉਂਗਲ ਦੇ ਉਹ ਇਕਤਾਰਾ ਵਜਾਉਂਦਾ ਹੈ 74
➢ ਜਦ ਖ਼ੁਸ਼ੀ ਦੇ ਗੀਤ ਗਾਉਂਦੀ ਜ਼ਿੰਦਗੀ 75
➢ ਪੌਣ ਸਵੇਰੇ ਆ ਕੇ ਜਦੋਂ ਜਗਾਉਂਦੀ ਹੈ 76
➢ ਜਾਂ ਸੋਹਣੀ ਸਰਕਾਰ ਤੋਂ ਸਦਕੇ 78
➢ ਕਿਸ ਨੂੰ ਦੱਸਾਂ ਦਰਦ ਦਿਲੇ ਦਾ 79
➢ ਹੁਣ ਕੋਇਲ ਨੂੰ ਟਹਿਣੀ ਉਤੇ ਬਹਿਣ ਦਿਉ 80
➢ ਤਪਦੀ ਧਰਤੀ ਉਤੇ ਬੱਦਲ ਵਸ ਜਾਵੇ 81
➢ ਜੇ ਮਤਲਬ ਵਿਚਕਾਰ ਨਾ ਹੁੰਦਾ 82
➢ ਬੁਰਾਈ ਤਾਂ ਆਖਰ ਬੁਰਾਈ ਹੈ ਹੁੰਦੀ 83
➢ ਜ਼ੁਲਫ਼ ਤੇਰੀ ਰਾਤ ਵਰਗੀ 84
➢ ਜਗਾ ਕੇ ਇਸ਼ਕ ਦਾ ਦੀਵਾ ਹਨੇਰਾ ਦੂਰ ਕਰਨਾ ਹੈ 85
➢ ਮੇਰੇ ਬਾਗ਼ ਆਈਆਂ ਬਹਾਰਾਂ ਕਦੇ ਨਾ 86
➢ ਕਿਹੜੀ ਗੱਲ ਦਾ ਗ਼ੁਮਾਨ ਹੈ ਪਿਆਰੇ 87

| | | |
|---|---|---|
| ➣ | ਭੁੱਲਦਾ ਨਹੀਉਂ ਚੇਤਾ ਉਹਨਾਂ ਥਾਵਾਂ ਦਾ | 88 |
| ➣ | ਪਤਝੜ ਪਿਛੋਂ ਫੇਰ ਬਹਾਰਾਂ ਆਉਣਗੀਆਂ | 90 |
| ➣ | ਤਨ ਦਾ ਕੀ ਹੈ ਮਨ ਦੀਆਂ ਗੱਲਾਂ ਕਰ ਪਿਆਰੇ | 91 |
| ➣ | ਆ ਕੇ ਬਹਿ ਜਾ ਕੋਲ ਜ਼ਰਾ | 92 |
| ➣ | ਤਨ ਉਜਲੇ ਮਨ ਕਾਲੇ ਦੇਖੇ | 93 |
| ➣ | ਜਦੋਂ ਕਦੇ ਦਿਲ ਤਾਈਂ | 94 |
| ➣ | ਹਾਲੇ ਵੀ ਜੀਵਨ ਤੋਂ ਦੂਰ | 96 |
| ➣ | ਮਹਿਕੀਆਂ ਰੁੱਤਾਂ ਆਉਣਗੀਆਂ | 97 |
| ➣ | ਅਸਾਂ ਨੇ ਖ਼ੂਬਸੂਰਤ ਸਾਲ | 98 |
| ➣ | ਇਸ਼ਕ ਕਮਾਉਣਾ | 100 |
| ➣ | ਐ ਮੇਰੇ ਦਿਲ ਭੋਲਿਆ | 101 |
| ➣ | ਤੂੰ ਕੀ ਜਾਣੇ ਨਿਰਮੋਹਿਆ | 102 |
| ➣ | ਮੇਰੀ ਨਜ਼ਰ ਨੂੰ ਤਾਂਘ ਹੈ | 104 |
| ➣ | ਬੇਸ਼ੱਕ ਕੁਝ ਵੀ ਮੂੰਹੋਂ ਬੋਲ | 105 |
| ➣ | ਦਿਲ ਦਾ ਹਾਲ ਸੁਣਾਵਾਂ ਕਿਸ ਨੂੰ | 106 |
| ➣ | ਬਹੁਤ ਕੋਸ਼ਿਸ਼ ਕਰ ਲਈ | 107 |
| ➣ | ਮਿਲਣਾ ਤੇਰੇ ਨਾਲ ਜੇ | 108 |
| ➣ | ਮੈਂ ਤੱਕਿਆ ਸੀ ਨੈਣੀਂ ਅੱਥਰੂ ਭਰ ਕੇ | 110 |
| ➣ | ਜਦ ਕਦੇ ਉਹ ਦਾਸਤਾਂ | 112 |

ਦਵਿੰਦਰ ਪ੍ਰੀਤ ਦੀ ਸ਼ਾਇਰੀ ਵਿੱਚ ਲੋਹੜੇ ਦਾ ਦਮ ਹੈ। ਇਸ ਦੀ ਕਲਪਨਾ ਨੂੰ ਸੋਨਪਰੀ ਦੇ ਖੰਭ ਲੱਗੇ ਹੋਏ ਹਨ। ਇਸ ਦੇ ਸ਼ਿਅਰਾਂ ਵਿੱਚ ਆਕਾਸ਼-ਗੰਗਾ ਦੀ ਚਮਕ ਹੈ। ਰਾਤ ਦੀ ਰਾਣੀ ਦੇ ਫੁੱਲਾਂ ਦੀ ਮਹਿਕ ਹੈ। ਤੁਲਸੀ ਦਾ ਸਿਹਤਯਾਬ ਰਸ ਹੈ। ਛੂਈ ਮੂਈ ਜਿਹੀ ਲੱਜਿਆ ਹੈ। ਆਬਸ਼ਾਰ ਵਰਗੀ ਰਵਾਨੀ ਹੈ। ਕੋਇਲ ਤੇ ਪਪੀਹੇ ਦੀ ਜੁਗਲ-ਬੰਦੀ ਹੈ।

**-ਸਰਦਾਰ ਪੰਛੀ**

ਪੰਜਾਬੀ ਗ਼ਜ਼ਲ ਹੁਣ ਬੜਾ ਪੈਂਡਾ ਤੈਅ ਕਰ ਆਈ ਹੈ। ਇਸ ਨੇ ਆਪਣਾ ਮੁਹਾਵਰਾ ਸਿਰਜ ਲਿਆ ਹੈ। ਬਹੁਤ ਕੁਝ ਵਧੀਆ ਲਿਖਿਆ ਗਿਆ ਹੈ, ਇਸ ਸਿਨਫ਼ ਵਿੱਚ। ਨਵਾਂ ਕਵੀ ਜਦੋਂ ਗ਼ਜ਼ਲ ਦੀ ਰਚਨਾ ਕਰਦਾ ਹੈ ਤਾਂ ਉਹਦੇ ਲਈ ਸਰੋਤਿਆਂ ਨੂੰ ਪ੍ਰਭਾਵਿਤ ਕਰਨਾ ਕਠਿਨ ਕਾਰਜ ਹੋ ਜਾਂਦਾ ਹੈ। ਪਰ ਦਵਿੰਦਰ ਪ੍ਰੀਤ ਨੇ ਆਪਣੇ ਇਸ ਗ਼ਜ਼ਲ-ਸੰਗ੍ਰਹਿ ਵਿੱਚ ਐਸਾ ਅੰਦਾਜ਼ ਅਪਣਾਇਆ ਹੈ ਕਿ ਪਾਠਕ ਜਾਂ ਸਰੋਤਾ ਦਾਦ ਦੇਣ ਤੋਂ ਨਹੀਂ ਰਹਿ ਸਕਦਾ।

ਪ੍ਰੀਤ ਦੀਆਂ ਗ਼ਜ਼ਲਾਂ ਵਿੱਚ ਹਿਜਰ ਅਤੇ ਵਸਲ ਦੋਹਾਂ ਦਾ ਜ਼ਿਕਰ ਹੈ। ਇਕ ਤਾਂਘ ਜੋ ਹੈ ਆਪਣੇ ਪ੍ਰੀਤਮ ਨੂੰ ਮਿਲਣ ਦੀ, ਉਹ ਇਕ ਵਿਅਕਤੀ ਨੂੰ ਆਪਣੇ ਆਪ ਤੋਂ ਬਾਹਰ ਆਉਣ ਲਈ ਪ੍ਰੇਰਦੀ ਹੈ। ਬਹੁਤ ਹੀ ਸਲੀਕੇ ਨਾਲ ਇਸ ਕਵਿੱਤਰੀ ਨੇ ਆਪਣੇ ਹਾਵ-ਭਾਵ ਬਿਆਨ ਕੀਤੇ ਹਨ। ਸਭ ਕੁਝ ਸਹਿਜ-ਸੁਭਾਅ ਹੀ ਹੈ, ਕਿਤੇ ਵੀ ਬਨਾਵਟ ਨਹੀਂ। ਬੇਸ਼ੱਕ ਜਜ਼ਬਾ ਸੋਚ ਉੱਤੇ ਭਾਰੂ ਹੈ ਪਰ ਇਹ ਕਿਤੇ ਵੀ ਆਪਣੀ ਹੱਦ ਤੋਂ ਅੱਗੇ ਨਹੀਂ ਵੱਧਦਾ। ਉਮੀਦ ਹੈ ਇਸ ਗ਼ਜ਼ਲ ਸੰਗ੍ਰਹਿ 'ਤਿੱਤਰ ਖੰਭੀਆਂ' ਨੂੰ ਪੰਜਾਬੀ ਜਗਤ ਖ਼ੁਸ਼ ਆਮਦੀਦ ਕਹੇਗਾ।

**-ਪ੍ਰੋ. ਨਰਿੰਜਨ ਤਸਨੀਮ**

ਦਵਿੰਦਰ ਪ੍ਰੀਤ ਦੀਆਂ ਗ਼ਜ਼ਲਾਂ ਵਿਚ ਸੇਕ ਵੀ ਹੈ ਤੇ ਰੌਸ਼ਨੀ ਵੀ ਤੇ ਸ਼ਬਦ ਸਲੀਕਾ ਵੀ ਕਮਾਲ ਦਾ। ਉਸਦਾ ਕਲਾਮ ਪੜ੍ਹਦਿਆਂ ਏਦਾਂ ਲੱਗਦੈ ਜਿਵੇਂ ਕੋਈ ਅਣਖੀਲੀ ਪੰਜਾਬਣ ਧੀ ਧਿਆਣੀ ਹਨੇਰੀ ਰਾਤ ਵਿਚ ਪਗਡੰਡੀਆਂ ਤੇ ਲਾਲਟੈਣ ਲੈ ਕੇ ਕੱਲ-ਮੁ-ਕੱਲੀ ਤੁਰੀ ਜਾ ਰਹੀ ਹੋਵੇ। ਨਾ ਕੋਈ ਅੱਗੇ ਤੇ ਨਾ ਪਿੱਛੇ। ਆਪਣੇ ਹੀ ਅੰਦਾਜ਼ ਦੀ ਸਿਰਜਕਾ ਦਵਿੰਦਰ ਪ੍ਰੀਤ ਦਾ ਕਲਾਮ ਸਾਨੂੰ ਇਹ ਧਰਵਾਸ ਦੇਂਦਾ ਹੈ ਕਿ ਔਰਤ ਕਲਮਕਾਰ ਹੋ ਕੇ ਵੀ ਰੋਣੇ ਧੋਣੇ ਵਾਲੀ ਸ਼ਾਇਰੀ ਤੋਂ ਅਗਲੇਰੇ ਪੜਾਅ ਤੇ ਪਹਿਲੀ ਪੁਲਾਂਘ ’ਚ ਹੀ ਪਹੁੰਚ ਗਈ ਹੈ। ਆਪਣੇ ਵਿਰਸੇ ’ਤੇ ਮਾਣ ਕਰਦੀ, ਵਰਤਮਾਨ ਨੂੰ ਵਿਸ਼ਲੇਸ਼ਣ ਅਧੀਨ ਲਿਆਉਂਦੀ ਉਹ ਭਵਿੱਖ ਦੇ ਨਕਸ਼ਾਂ ਨੂੰ ਸੰਵਾਰਨ ਦਾ ਇਕਰਾਰ-ਨਾਮਾ ਲਿਖਦੀ ਹੈ। ਤ੍ਰੈਕਾਲਦਰਸ਼ੀ ਕਲਮ ਨੂੰ ਸਲਾਮ। ਦਵਿੰਦਰ ਪ੍ਰੀਤ ਕੋਲ ਸ਼ਬਦ-ਸੰਵੇਦਨਾ ਦਾ ਭਰਪੂਰ ਖਜ਼ਾਨਾ ਹੈ। ਇਸ ਖਜ਼ਾਨੇ ਵਿਚੋਂ ਉਹਨੇ ਪਹਿਲੀ ਰਕਮ ਹੀ ਪੰਜਾਬੀ ਪਾਠਕਾਂ ਕੋਲ ਘੱਲੀ ਹੈ। ਉਸਦੇ ਕਲਾਮ ਦੀ ਤਾਜ਼ਗੀ, ਪੁਖ਼ਤਗੀ ਅਤੇ ਸਫਲਤਾ ਨੂੰ ਮੈਂ ਸਤਿਕਾਰ ਭੇਟ ਕਰਦਾ ਹੋਇਆ ਜੀ ਆਇਆਂ ਨੂੰ ਕਹਿੰਦਾ ਹਾਂ।

**-ਗੁਰਭਜਨ ਗਿੱਲ**

# ਤਿੱਤਰ ਖੰਭੀ ਆਕਾਸ਼ ਗੰਗਾ

ਅੱਜ ਤੋਂ ਗਿਆਰਾਂ ਸੌ ਸਾਲ ਪਹਿਲਾਂ ਅਰਬੀ ਦੇ ਕਾਵਿ ਰੂਪ ਕਸੀਦੇ ਦੀ ਕੁੱਖੋਂ ਜੰਮੀ ਗ਼ਜ਼ਲ ਆਪਣੇ ਕੋਮਲ, ਸੁਹਿਰਦ, ਦਿਲਕਸ਼ ਅਤੇ ਸਹਿਜ ਵਿਆਪੀ ਸੁਭਾਅ ਕਰਕੇ ਹਰਦਿਲ ਅਜ਼ੀਜ਼ ਹੈ ਅਤੇ ਇਹ ਮਨਮੋਹਣੀ, ਮਿੱਠ ਬੋਲੜੀ, ਕੋਮਲ ਭਾਵੀ, ਨਿੱਤ ਨਵੇਲੀ, ਨਾਜ਼ਨੀਨ ਵਜੋਂ ਜਾਣੀ ਪਛਾਣੀ ਜਾਂਦੀ ਹੈ।

ਗ਼ਜ਼ਲ ਦਾ ਮੁੱਢਲਾ ਰੂਪ ਈਰਾਨੀ ਮੁਟਿਆਰ ਵਰਗਾ ਸੀ। ਇਸ ਦਾ ਪਹਿਰਾਵਾ, ਹਾਰ ਸ਼ਿੰਗਾਰ, ਨਾਜ਼ੋ-ਅਦਾ, ਜ਼ੁਬਾਨ ਅਤੇ ਚਾਲ ਢਾਲ ਵੀ ਈਰਾਨੀ ਸੀ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਗ਼ਜ਼ਲ ਗ਼ਜ਼ਾਲਾ ਅਰਥਾਤ ਹਿਰਨੀ ਵਰਗੀ ਸੀ। ਹਿਰਨੀ ਵਰਗੀਆਂ ਅੱਖਾਂ, ਇਕਹਿਰਾ ਬਦਨ, ਰੰਗ ਅਤੇ ਚਾਲ ਵੀ ਹਿਰਨੀ ਵਰਗੀ ਸੀ। ਜਦੋਂ ਇਹ ਈਰਾਨੀ ਮੁਟਿਆਰ ਹਿੰਦੋਸਤਾਨ ਵੱਲ ਆ ਰਹੇ ਕਾਫ਼ਲਿਆਂ ਦੀ ਹਮਸਫ਼ਰ ਬਣਕੇ ਦੱਰਾ ਖ਼ੈਬਰ ਰਾਹੀਂ ਪੰਜਾਬ ਵਿੱਚ ਦਾਖਲ ਹੋਈ ਤਾਂ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਇਹ ਮੁਟਿਆਰ ਏਨੀ ਛੇਤੀ ਆਪਣਾ ਪਹਿਰਾਵਾ ਅਤੇ ਬੋਲੀ ਬਦਲ ਲਏਗੀ।

ਪੰਜਾਬ ਵਿੱਚ ਆਉਂਦਿਆਂ ਇਸ ਮੁਟਿਆਰ ਨੇ ਜਿਥੇ ਆਪਣੀ ਬੋਲੀ ਬਦਲ ਲਈ ਉਥੇ ਆਪਣਾ ਪਹਿਰਾਵਾ ਵੀ ਬਦਲ ਲਿਆ। ਥੋੜ੍ਹੇ ਜਿਹੇ ਅਰਸੇ ਵਿੱਚ ਹੀ ਇਹ ਮੁਟਿਆਰ ਪੂਰੀ ਤਰ੍ਹਾਂ ਪੰਜਾਬਣ ਬਣ ਗਈ। ਇਸ ਨੇ ਕਿਸੇ ਨੂੰ ਵੀ ਇਹ ਅਹਿਸਾਸ ਨਹੀਂ ਹੋਣ ਦਿੱਤਾ ਕਿ ਇਹ ਈਰਾਨਣ ਹੈ। ਪੰਜਾਬੀਆਂ ਨੇ ਵੀ ਇਸ ਈਰਾਨੀ ਮੁਟਿਆਰ ਨੂੰ ਆਪਣੀ ਪ੍ਰੰਪਰਾ ਦੀ ਪਾਲਣਾ ਕਰਦੇ ਹੋਏ ਪਿਆਰ ਅਤੇ ਮਾਣ ਦਿੱਤਾ ਤੇ ਇਸ ਨੂੰ ਆਪਣੇ ਵਿਹੜੇ ਦਾ ਸ਼ਿੰਗਾਰ ਬਣਾ ਲਿਆ।

ਪੰਜਾਬੀ ਵਿੱਚ ਗ਼ਜ਼ਲ ਨੇ ਇਕ ਕਾਵਿ ਰੂਪ ਵਜੋਂ ਆਪਣੀ ਵੱਖਰੀ ਪਛਾਣ ਬਣਾਈ ਹੋਈ ਹੈ ਅਤੇ ਇਹ ਪਛਾਣ ਹਮੇਸ਼ਾ ਬਣੀ ਰਹੇਗੀ ਕਿਉਂਕਿ ਇਸ ਵਿਧਾ ਵਿੱਚ ਲਿਖਣ ਵਾਲੇ ਕਵੀਆਂ ਅਤੇ ਕਵਿੱਤਰੀਆਂ ਨੇ ਆਪਣੇ ਸੂਖ਼ਮ ਖਿਆਲਾਂ ਅਤੇ ਢੁਕਵੀਆਂ ਤਸ਼ਬੀਹਾਂ ਨਾਲ ਮਨੁੱਖੀ ਭਾਵਨਾਵਾਂ ਦੀ ਅੱਕਾਸੀ ਕੀਤੀ ਹੈ।

ਪੰਜਾਬੀ ਦੇ ਗ਼ਜ਼ਲ ਖੇਤਰ ਵਿੱਚ ਜਿਥੇ ਨਾਮਵਰ ਕਵੀਆਂ ਨੇ ਉੱਚ ਪਾਏ ਦੀਆਂ ਗ਼ਜ਼ਲਾਂ ਲਿਖੀਆਂ ਹਨ ਉਥੇ ਕਵਿੱਤਰੀਆਂ ਨੇ ਵੀ ਬੜੀਆਂ ਮੱਲਾਂ ਮਾਰੀਆਂ ਹਨ। ਨਾਰੀ ਕਿਉਂਕਿ ਮਰਦ ਨਾਲੋਂ ਜ਼ਿਆਦਾ ਭਾਵੁਕ ਤੇ ਸੂਖਮ ਦ੍ਰਿਸ਼ਟੀ ਵਾਲੀ ਹੁੰਦੀ ਹੈ, ਇਸ ਲਈ ਕਵਿਤਰੀਆਂ ਦੇ ਕਲਾਮ ਵਿੱਚ ਵਿਲੱਖਣਤਾ ਆਉਣੀ ਸੁਭਾਵਿਕ ਹੀ ਹੈ। ਸਮਾਜ ਵਿੱਚ ਤੇਜ਼ੀ ਨਾਲ ਬਦਲ ਰਹੀਆਂ ਕਦਰਾਂ ਕੀਮਤਾਂ ਨੇ ਵੀ ਨਾਰੀ ਨੂੰ ਸਭ ਤੋਂ ਜ਼ਿਆਦਾ ਪ੍ਰਭਾਵਿਤ ਕੀਤਾ ਹੈ।

ਦਵਿੰਦਰ ਪ੍ਰੀਤ ਦੇ ਪਹਿਲੇ ਗ਼ਜ਼ਲ-ਸੰਗ੍ਰਹਿ 'ਤਿੱਤਰ ਖੰਭੀਆਂ' ਵਿਚਲੀਆਂ ਗ਼ਜ਼ਲਾਂ ਪੜ੍ਹਦਿਆਂ ਪਾਠਕ ਆਪਣੇ ਆਪ ਨੂੰ ਕਿਸੇ ਹੋਰ ਧਰਤੀ 'ਤੇ ਵਿਚਰਦਾ

ਹੋਇਆ ਮਹਿਸੂਸ ਕਰਦਾ ਹੈ। ਇਸ ਤਰ੍ਹਾਂ ਮਨੁੱਖੀ ਮਨ ਅੰਦਰ ਸੁੱਤੀ ਪਈ ਸੰਵੇਦਨਾ ਨੂੰ ਜਾਗਣ ਲੱਗਿਆਂ ਇਕ ਛਿਣ ਹੀ ਲੱਗਦਾ ਹੈ। ਇਹੀ ਚੰਗੀ ਗ਼ਜ਼ਲ ਦੀ ਪਛਾਣ ਹੈ।

ਦਵਿੰਦਰ ਪ੍ਰੀਤ ਦੀਆਂ ਗ਼ਜ਼ਲਾਂ ਦੀ ਭਾਸ਼ਾ ਸੌਖੀ, ਮਿੱਠੀ, ਢੁੱਕਵੀਂ ਤੇ ਮੁਹਾਵਰੇਦਾਰ ਹੈ। ਪ੍ਰੀਤ ਨੇ ਲਗਭਗ ਦਰਜਨ ਭਰ ਬਹਿਰਾਂ ਦੀ ਵਰਤੋਂ ਕੀਤੀ ਹੈ। ਛੋਟੀ ਬਹਿਰ ਇਸ ਕਵਿਤਰੀ ਦੀ ਮਨ ਪਸੰਦ ਬਹਿਰ ਹੈ। ਸਾਲਮ ਬਹਿਰਾਂ ਦੇ ਨਾਲ-ਨਾਲ ਇਸ ਨੇ ਜ਼ਿਹਾਫ਼ ਦੀਆਂ ਬਹਿਰਾਂ ਵੀ ਇਸਤੇਮਾਲ ਕੀਤੀਆਂ ਹਨ।

ਪ੍ਰੀਤ ਦੀਆਂ ਤਸ਼ਬੀਹਾਂ ਵਿੱਚ ਨਵਾਂ-ਪਨ ਅਤੇ ਕਿਤੇ ਕਿਤੇ ਬਾਂਕਪਨ ਵੀ ਨਜ਼ਰ ਆਉਂਦਾ ਹੈ। ਇਸ ਦੇ ਸ਼ਿਅਰਾਂ ਵਿਚਲੀ ਮਿਠਾਸ ਮਨੁੱਖੀ ਮਨ ਦੀ ਸੰਵੇਦਨਾ ਉੱਤੇ ਡੂੰਘਾ ਪ੍ਰਭਾਵ ਪਾਉਂਦੀ ਹੈ।

ਦਵਿੰਦਰ ਪ੍ਰੀਤ ਕੋਲ ਸ਼ਬਦਾਂ ਦਾ ਭਰਪੂਰ ਖਜ਼ਾਨਾ ਹੈ। ਇਹ ਲੋੜੀਂਦੇ ਸ਼ਬਦਾਂ ਨੂੰ ਹਾਕ ਨਹੀਂ ਮਾਰਦੀ ਸਗੋਂ ਸ਼ਬਦ ਆਪ ਇਹਦੇ ਕੋਲ ਤੁਰੇ ਆਉਂਦੇ ਹਨ। ਇਸ ਦੇ ਸ਼ਿਅਰਾਂ ਵਿੱਚ ਭਾਵ, ਭਾਵਨਾਵਾਂ ਤੇ ਭਾਸ਼ਾ ਪਾਠਕ ਨੂੰ ਸਾਰੇ ਰਸਾਂ ਨਾਲ ਸਰਸ਼ਾਰ ਕਰਦੀ ਹੈ।

ਦਵਿੰਦਰ ਪ੍ਰੀਤ ਆਪਣੇ ਸੁੱਚੇ ਮੋਤੀਆਂ ਵਰਗੇ ਸ਼ਿਅਰਾਂ ਨੂੰ ਸਾਹਮਣੇ ਲਿਆਉਣ ਦਾ ਸਿਹਰਾ ਵੀ ਆਪਣੀ ਕਲਮ ਦੇ ਸਿਰ ਬੰਨ੍ਹਦੀ ਹੋਈ ਲਿਖਦੀ ਹੈ :

ਕੱਢ ਲਿਆਵੇ ਮੋਤੀਆਂ ਨੂੰ ਸਾਗਰਾਂ ਦੀ ਡੂੰਘ 'ਚੋਂ,
ਇਹ ਪਿਆਰੀ ਕਲਮ ਮੇਰੀ, ਕਲਮ ਗੋਤਾਖੋਰ ਹੈ।

ਦਵਿੰਦਰ ਪ੍ਰੀਤ ਆਪਣੇ ਦਰਦ ਦੇ ਗਲ ਲੱਗ ਕੇ ਰੋਣ ਦਾ ਨਤੀਜਾ ਵੀ ਬਿਲਕੁੱਲ ਗ਼ਜ਼ਲ ਦੇ ਅੰਦਾਜ਼ ਵਿੱਚ ਬਿਆਨ ਕਰਦੀ ਹੋਈ ਲਿਖਦੀ ਹੈ :

ਪ੍ਰੀਤ ਆਪਣੀ ਪੀੜ ਦੇ ਗਲ ਲੱਗ ਕੇ ਰੋਈ ਰਾਤ ਭਰ
ਰਾਤ ਢਲਦੇ ਸਾਰ ਹੀ ਪ੍ਰਭਾਤ ਪੱਥਰ ਹੋ ਗਈ।

ਸਮਾਜਿਕ ਪ੍ਰੰਪਰਾਵਾਂ ਵਿੱਚ ਪਿਛਾਂਹ ਖਿੱਚੂ ਵਿਚਾਰ ਵਾਲਿਆਂ ਨੂੰ ਆਪਣੇ ਅਗਾਂਹ ਵਧੂ ਕਾਫ਼ਲੇ ਵਿੱਚ ਸ਼ਾਮਿਲ ਕਰਨ ਲਈ ਪ੍ਰੀਤ ਕਿਹੜਾ ਕਦਮ ਚੁੱਕੇਗੀ, ਇਸ ਸ਼ਿਅਰ ਵਿੱਚ ਵੇਖੋ :

ਦੀਪ ਜਗਾਉਣਾ ਹੈ ਆਪਾਂ ਨੇ ਓਸ ਤੋਂ,
ਜਿਹੜਾ ਚਾਨਣ ਕੋਲੋਂ ਬੜਾ ਤ੍ਰਹਿੰਦਾ ਹੈ।

ਮਨੁੱਖ ਨੂੰ ਪੂਜਾ ਪਾਠ ਦਾ ਨਵਾਂ ਰੂਪ ਦੱਸਦੀ ਹੋਈ ਵੀ ਪ੍ਰੀਤ ਲਿਖਦੀ ਹੈ :

ਕਿਸੇ ਦਾ ਦੁੱਖ ਵੰਡਾਉਣਾ ਵੀ ਇਬਾਦਤ ਵੀ ਹੈ ਪੂਜਾ ਵੀ,
ਇਹ ਉਹ ਰਸਤਾ ਹੈ ਜਿਹੜਾ ਸਿੱਧਾ ਰੱਬ ਦੇ ਘਰ ਨੂੰ ਜਾਂਦਾ ਹੈ।

ਦਵਿੰਦਰ ਪ੍ਰੀਤ ਸਾਫ਼ ਸੁਥਰੇ ਕਿਰਦਾਰ ਦੀ ਕਦਰਦਾਨ ਹੈ। ਉਸ ਨੂੰ ਸੱਚੀ ਸੁੱਚੀ ਮਰਿਆਦਾ ਬੇਹੱਦ ਪਸੰਦ ਹੈ। ਮਰਿਆਦਾ ਭੰਗ ਕਰਨ ਵਾਲੇ ਨੂੰ ਇਨ੍ਹਾਂ ਲਫਜ਼ਾਂ ਨਾਲ ਫਟਕਾਰਦੀ ਹੈ :

ਉਹ ਅਕਸਰ ਸ਼ੱਕ ਕਰਦਾ ਹੈ ਮੇਰੇ ਕਿਰਦਾਰ ਦੇ ਉੱਤੇ,
ਤੇ ਮੈਂ ਕਿਰਦਾਰ ਦੇ ਰਾਹੀਂ ਉਹਦਾ ਸ਼ੱਕ ਦੂਰ ਕਰਨਾ ਹੈ।

ਦਵਿੰਦਰ ਪ੍ਰੀਤ ਦੀ ਸ਼ਾਇਰੀ ਵਿੱਚ ਲੋਹੜੇ ਦਾ ਦਮ ਹੈ। ਇਸ ਦੀ ਕਲਪਨਾ ਨੂੰ ਸੋਨਪਰੀ ਦੇ ਖੰਭ ਲੱਗੇ ਹੋਏ ਹਨ। ਇਸ ਦੇ ਸ਼ਿਅਰਾਂ ਵਿੱਚ ਆਕਾਸ਼ ਗੰਗਾ ਦੀ ਚਮਕ ਹੈ। ਰਾਤ ਦੀ ਰਾਣੀ ਦੇ ਫੁੱਲਾਂ ਦੀ ਮਹਿਕ ਹੈ। ਤੁਲਸੀ ਦਾ ਸਿਹਤਯਾਬ ਰਸ ਹੈ। ਛੂਈ ਮੂਈ ਜਿਹੀ ਲੱਜਿਆ ਹੈ। ਆਬਸ਼ਾਰ ਵਰਗੀ ਰਵਾਨੀ ਹੈ। ਕੋਇਲ ਤੇ ਪਪੀਹੇ ਦੀ ਜੁਗਲਬੰਦੀ ਹੈ।

ਕਈ ਸ਼ੇਅਰ 'ਪੁਨੂੰ' ਦੀਆਂ ਪੈੜਾਂ ਲੱਭਦੀ 'ਸੱਸੀ' ਦੀਆਂ ਅੱਖਾਂ ਵਿਚੋਂ ਝਾਕਦੇ ਹੰਝੂਆਂ ਵਰਗੇ ਹਨ। ਕਈ ਸ਼ੇਅਰ 'ਮਿਰਜ਼ੇ' ਦੀ ਬੱਕੀ ਦੀ ਚਾਲ ਵਰਗੇ, ਕਈ ਮਿਰਜ਼ੇ ਦੇ ਤੀਰਾਂ ਦੇ ਭੱਥੇ ਵਰਗੇ ਅਤੇ ਕਈ ਸ਼ੇਅਰ ਵੀਰਾਂ ਨੂੰ ਮਨਾ ਲੈਣ ਦੇ 'ਸਾਹਿਬਾਂ' ਦੇ ਭੁਲੇਖੇ ਨੂੰ ਆਪਣਾ ਮੁਅੱਕਲ ਸਮਝਦੇ ਹਨ।

ਦਵਿੰਦਰ 'ਪ੍ਰੀਤ' ਦੇ ਸ਼ੇਅਰਾਂ ਵਿਚ ਕਿਤੇ 'ਦਰੋਪਦੀ' ਦੇ ਚੀਰ ਹਰਨ ਦੀ ਟੀਸ ਹੈ, ਕਿਤੇ 'ਅਰਜੁਨ' ਦਾ ਰਿਸ਼ਤਿਆਂ ਪ੍ਰਤੀ ਮੋਹ ਅਤੇ ਹਥਿਆਰ ਚੁੱਕਣ ਤੋਂ ਕੀਤੀ ਨਾਂਹ ਦਾ ਸਪੱਸ਼ਟੀਕਰਨ ਹੈ। ਕਿਤੇ 'ਸੀਤਾ' ਦੀ ਅਗਨੀ ਪ੍ਰੀਖਿਆ ਦੀ ਬੇ-ਇਨਸਾਫੀ ਦਾ ਵਿਰੋਧ ਹੈ। ਕਿਤੇ ਯੁਧਿਸ਼ਟਰ ਵਰਗੇ ਸਦਾ ਸੱਚ ਬੋਲਣ ਦਾ ਸੰਕਲਪ ਹੈ। ਕਿਤੇ 'ਇਕੱਲਵ' ਦਾ ਅੰਗੂਠਾ ਕਟਾਉਣ ਲਈ ਵਰਤਿਆ ਗਿਆ ਫਰੇਬੀ ਢੰਗ ਅਤੇ ਉਸ ਦਾ ਪਰਦਾਫਾਸ਼ ਹੈ। ਕਈ ਸ਼ੇਅਰ 'ਰਾਵਣ' ਦੀ ਵਿਦਵਤਾ ਦੀ ਸ਼ਲਾਘਾ ਕਰਦੇ ਹਨ ਤਾਂ ਕਈ ਉਸ ਦੇ ਹੰਕਾਰੀ ਸੁਭਾਅ ਦੇ ਨਤੀਜਿਆਂ ਤੋਂ ਜਾਣੂ ਕਰਾਉਂਦੇ ਹੋਏ ਪਾਠਕ ਨੂੰ ਹਲੀਮੀ ਦਾ ਰਸਤਾ ਵਿਖਾਉਂਦੇ ਹਨ। ਇਹ ਗੱਲ ਬੜੀ ਤਸੱਲੀ ਦੇਣ ਵਾਲੀ ਹੈ ਕਿ ਉਪਰੋਕਤ ਉਪਮਾਵਾਂ ਦਾ ਨਾਮ ਲੈ ਕੇ ਗ਼ਜ਼ਲ ਵਿਚ ਨਜ਼ਮ ਦੇ ਰੰਗ ਨੂੰ ਆਉਣ ਦੀ ਆਗਿਆ ਨਹੀਂ ਦਿੱਤੀ ਗਈ ਸਿਰਫ਼ ਉਹਨਾਂ ਦੇ ਭਾਵਾਂ ਨੂੰ ਇਸ਼ਾਰਿਆਂ ਨਾਲ ਵਿਅਕਤ ਕੀਤਾ ਗਿਆ ਹੈ।

ਮੈਂ ਆਸਵੰਦ ਹਾਂ ਕਿ ਦਵਿੰਦਰ ਪ੍ਰੀਤ ਇਸੇ ਤਰ੍ਹਾਂ ਪੂਰੀ ਲਗਨ ਤੇ ਸਮਰਪਣ-ਭਾਵਨਾ ਨਾਲ ਲਿਖਦੀ ਰਹੀ ਤਾਂ ਪੰਜਾਬੀ ਗ਼ਜ਼ਲ ਨੂੰ ਸਿਖਰ ਤੱਕ ਲੈ ਜਾਏਗੀ।

ਮੈਂ ਇਸ ਦੇ ਪਹਿਲੇ ਗ਼ਜ਼ਲ-ਸੰਗ੍ਰਹਿ "ਤਿੱਤਰ ਖੰਭੀਆਂ" 'ਤੇ ਇਸ ਨੂੰ ਮੁਬਾਰਕਬਾਦ ਵੀ ਦੇਂਦਾ ਹਾਂ ਅਤੇ ਅਸੀਸਾਂ ਵੀ।

ਬਖ਼ਸ਼ੇ ਰੱਬ ਕਲਮ ਵਿਚ ਜ਼ੋਰ
ਵਧੇਰੇ ਹੋਰ ਵਧੇਰੇ ਹੋਰ।

1-1-2009 **ਸਰਦਾਰ ਪੰਛੀ**

# ਇਕ ਅਸੀਸ ਇਕ ਪ੍ਰਸੰਸਾ

ਗ਼ਜ਼ਲ ਦੇ ਇਕ ਅਰਥ ਔਰਤਾਂ ਨਾਲ ਗੱਲਾਂ ਕਰਨਾ ਵੀ ਕਹੇ ਜਾਂਦੇ ਹਨ। ਸ਼ਾਇਦ ਇਹ ਗੱਲ ਉਦੋਂ ਪ੍ਰਚਲਤ ਹੋ ਗਈ ਜਦੋਂ ਇਸ ਖੇਤਰ ਵਿੱਚ ਔਰਤਾਂ ਦਾ ਪ੍ਰਵੇਸ਼ ਨਹੀਂ ਸੀ ਹੋਇਆ ਤੇ ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਨੂੰ ਇਕ ਮਨੋਰੰਜਨ ਦੀ ਵਸਤੂ ਸਮਝ ਕੇ ਹੀ ਆਪਣਾ ਮਨ ਪਰਚਾ ਲਿਆ ਜਾਂਦਾ ਸੀ। ਕਾਫੀ ਦੇਰ ਤੱਕ ਔਰਤਾਂ ਨੇ ਇਸ ਸਿਨਫ਼ ਵੱਲ ਧਿਆਨ ਨਹੀਂ ਸੀ ਦਿੱਤਾ, ਭਾਵੇਂ ਕਿ ਕਦੇ ਕਦਾਈਂ ਇੱਕਾ-ਦੁੱਕਾ ਔਰਤਾਂ ਗ਼ਜ਼ਲ ਕਹਿਣ ਦੀ ਜੁਰਅਤ ਕਰਦੀਆਂ ਰਹੀਆਂ ਹਨ, ਪਰ ਇਹ ਗਿਣਤੀ ਮਰਦ ਸ਼ਾਇਰਾਂ ਦੇ ਮੁਕਾਬਲੇ ਬਹੁਤ ਨਿਗੂਣੀ ਸੀ।

ਸਾਹਿਤ ਵਿੱਚ ਇਸ ਸਿਨਫ਼ ਦੀ ਲੋਕ-ਪ੍ਰੀਅਤਾ ਕਾਰਣ ਔਰਤਾਂ ਨੇ ਵੀ ਇਸ ਵਿੱਚ ਵਧ ਤੋਂ ਵਧ ਸ਼ਮੂਲੀਅਤ ਕਰਨ ਦੀ ਠਾਣ ਲਈ। ਹੁਣ ਔਰਤਾਂ ਨੂੰ ਵੀ ਲੋੜ ਪਈ ਕਿ ਉਹ ਵੀ ਮਰਦਾਂ ਨਾਲ ਗੱਲਾਂ ਕਰਨ ਤੇ ਇਕ ਰੂਬਰੂ ਸੰਵਾਦ ਹੋਵੇ। ਸਾਂਝੀ ਗੱਲ-ਬਾਤ ਹੋਵੇ। ਇਕ ਪਾਸੜ ਦੀ ਗੱਲ ਵੀ ਕੀ ਹੋਈ। ਗੱਲ-ਬਾਤ ਤਾਂ ਘੱਟ ਤੋਂ ਘੱਟ ਦੋਹ ਜਣਿਆਂ ਜਾਂ ਵੱਧ ਜਣਿਆਂ ਨਾਲ ਹੀ ਹੋ ਸਕਦੀ ਹੈ।

ਇਸ ਤਰ੍ਹਾਂ ਸਪਨਮਾਲਾ, ਡਾ. ਸੰਧਾਵਾਲੀਆ, ਸੁਰਜੀਤ ਸਖੀ, ਗੁਰਚਰਨ ਕੌਰ ਕੋਚਰ, ਅਮਰਜੀਤ ਕੌਰ ਨਾਜ਼, ਸੁਰਿੰਦਰ ਜੀਤ ਤੇ ਸੁਖਵਿੰਦਰ ਅੰਮ੍ਰਿਤ ਜਿਹੀਆਂ ਸਫ਼ਲ ਕਵਿਤਰੀਆਂ ਦੇ ਕਾਫਲੇ ਵਿੱਚ ਇਕ ਹੋਰ ਨਾਂ ਦਵਿੰਦਰ ਪ੍ਰੀਤ ਕੌਰ ਦਾ ਵੀ ਆ ਜੁੜਿਆ ਹੈ। ਉਹ ਅਤਿਅੰਤ ਸੰਵੇਦਨਸ਼ੀਲ ਅਤੇ ਡੂੰਘੇ ਚਿੰਤਨੀ ਅਭਿਆਸ ਵਿਚੋਂ ਗੁਜ਼ਰ ਕੇ ਸਹਿਜੇ ਹੀ ਇਸ ਪਿੜ ਵਿੱਚ ਆ ਸ਼ਾਮਿਲ ਹੋਈ ਹੈ। ਹੁਣ ਇਹ ਔਰਤ-ਗ਼ਜ਼ਲਕਾਰਾਂ ਮਰਦਾਂ ਨਾਲ ਗੱਲਾਂ ਤਾਂ ਕਰਨਗੀਆਂ ਹੀ ਤੇ ਨਾਲ ਦੀ ਨਾਲ ਇਸ ਖੇਤਰ ਨੂੰ ਹੋਰ ਵੀ ਦਿਲਚਸਪੀ ਤੇ ਵਿਸ਼ਾਲਤਾ ਪ੍ਰਦਾਨ ਕਰਨਗੀਆਂ। ਇਹ ਹਰ ਸਮਾਜਿਕ ਵਿਤਕਰੇ ਵਿਹਾਰਾਂ ਤੇ ਫਰਕਾਂ-ਤੁਫਰਕਾਂ ਦੀ ਵੀ ਧੜੱਲੇ ਨਾਲ ਚਰਚਾ ਕਰ ਰਹੀਆਂ ਹਨ ਤੇ ਕਰਨਗੀਆਂ। ਉਮਰ ਤੇ ਤਜਰਬੇ ਨਾਲ ਹੀ ਹਰ ਸਿਨਫ਼ ਵਿੱਚ ਪਕਿਆਈ ਤੇ ਪ੍ਰਪੱਕਤਾ ਆਉਂਦੀ ਹੈ। ਮੈਂ ਖ਼ੁਸ਼ ਹਾਂ ਕਿ ਔਰਤ-ਗ਼ਜ਼ਲਕਾਰਾਂ ਵੀ ਪੰਜਾਬੀ ਗ਼ਜ਼ਲ ਦਾ ਮਾਣ ਮੱਤਾ ਇਤਿਹਾਸ ਸਿਰਜ ਰਹੀਆਂ ਹਨ। ਮਰਦਾਂ ਨਾਲੋਂ ਔਰਤਾਂ ਵਧੇਰੇ ਸੰਵੇਦਨਸ਼ੀਲ ਅਤੇ ਕੋਮਲ ਭਾਵੀ ਹੁੰਦੀਆਂ ਹਨ। ਇਸ ਲਈ ਇਨ੍ਹਾਂ ਦੀ ਸ਼ਾਇਰੀ ਵਿੱਚ ਉਪਰੋਕਤ ਹਾਵ-ਭਾਵ ਸਹਿਜੇ ਹੀ ਆ ਸ਼ਾਮਿਲ ਹੁੰਦੇ ਹਨ।

ਅਹਿਸਾਸਾਂ, ਅੰਦਾਜ਼-ਏ-ਬਿਆਂ ਤੇ ਖ਼ੂਬਸੂਰਤੀ ਦਾ ਪ੍ਰਵੇਸ਼ ਨਿਵੇਕਲੇ ਹੀ ਹੋ ਜਾਂਦਾ ਹੈ। ਉਹ ਆਪਣੀ ਹੋਂਦ ਅਤੇ ਸਥਾਨ ਪ੍ਰਤੀ ਵੀ ਸੁਚੇਤ ਹੋਈਆਂ ਹਨ ਤੇ ਕਿਸੇ ਵੀ ਪੱਖੋਂ ਆਪਣੇ ਆਪ ਨੂੰ ਹੀਣੇ ਸਮਝਣ ਤੋਂ ਇਨਕਾਰੀ ਹੋ ਰਹੀਆਂ ਹਨ।

ਉਂਜ ਇਸ਼ਕ ਗ਼ਜ਼ਲ ਦਾ ਪ੍ਰਮੁੱਖ ਵਿਸ਼ਾ ਸਮਝਿਆ ਜਾਂਦਾ ਰਿਹਾ ਹੈ। ਪਹਿਲਾਂ ਤਾਂ ਸਿਰਫ਼ ਇਸ਼ਕ ਹੀ ਨੁਮਾਇਆਂ ਸੀ ਇਸ ਵਿੱਚ। ਪਰ ਜੁਆਨੀ ਦੀ ਉਮਰੇ ਤਾਂ ਇਸ ਦਾ ਭਰਪੂਰ ਵਰਣਨ ਹੁੰਦਾ ਹੀ ਆਇਆ ਹੈ। ਸੋ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਦਵਿੰਦਰ ਪ੍ਰੀਤ ਦੇ 'ਪ੍ਰੀਤ ਵਲਵਲੇ' ਨੂੰ ਸਮਝਿਆ ਤੇ ਮਾਣਿਆ ਜਾਏ। ਪੇਸ਼ ਹਨ ਇਸ ਬਾਰੇ ਪ੍ਰੀਤ ਦੇ ਕੁਝ ਸ਼ਿਅਰ :

ਤੰਦ ਪੱਕੀ ਪ੍ਰੀਤ ਵਾਲੀ ਬਣ ਜਾਵੇ ਪੀਡੀ ਗੰਢ,
ਆ ਕੇ ਦੋਹਾਂ ਹੀ ਕਿਨਾਰਿਆਂ ਨੂੰ ਜੋੜ ਸੱਜਣਾ।

ਤੇਰੇ ਵੱਲੋਂ ਜਦੋਂ ਹਵਾਵਾਂ ਆਉਣਗੀਆਂ।
ਖੁਸ਼ਬੂ ਤੇ ਸੰਦੇਸ਼ੇ ਨਾਲ ਲਿਆਉਣਗੀਆਂ।
ਮੇਰਾ ਤੇਰਾ ਕਈ ਜਨਮਾਂ ਦਾ ਸਾਥ ਰਹੇ,
ਲੈ ਕੇ ਅੰਗੜਾਈਆਂ ਇਹ ਰੀਝਾਂ ਗਾਉਣਗੀਆਂ।

ਮਹਿਲ ਨੇ ਤੈਨੂੰ ਮੁਬਾਰਕ ਦੋਸਤਾ,
ਪਰ ਮੇਰੇ ਲਈ ਸੁਰਗ ਬੁਕਲ ਯਾਰ ਦੀ।

ਮੈਂ ਜਦ-ਜਦ ਵੀ ਲੰਮੀ ਨਜ਼ਰ ਦੁੜਾਈ ਸੀ,
ਜ਼ਿੰਦਗੀ ਦੀ ਅਸਲੀਅਤ ਨਜ਼ਰੀਂ ਆਈ ਸੀ।

ਤਨ ਦਾ ਕੀ ਹੈ ਮਨ ਦੀਆਂ ਗੱਲਾਂ ਕਰ ਪਿਆਰੇ।
ਦੁਨੀਆ ਬੜਾ ਡਰਾਉਂਦੀ ਹੈ ਨਾ ਡਰ ਪਿਆਰੇ।

ਜੋ ਪੂਰੀ ਹੋ ਨਹੀਂ ਸਕਦੀ ਉਹ ਮੌਲਾ ਆਸ ਨਾ ਦੇਵੀਂ।
ਨਹੀਂ ਦੇਣਾ ਜੇ ਪਾਣੀ ਤਾਂ ਲਬਾਂ ਨੂੰ ਪਿਆਸ ਨਾ ਦੇਵੀਂ।
ਮੈਂ ਹਰ ਇਕ ਸਾਹ ਅਪਣਾ ਨਾਮ ਤੇਰੇ ਲਿਖ ਹੀ ਦਿੱਤਾ ਹੈ,
ਤੇ ਜਿਹੜਾ ਨਾਂ ਤੇਰੇ ਨਾ ਹੋ ਸਕੇ ਉਹ ਸਵਾਸ ਨਾ ਦੇਵੀਂ।

ਯਾਦਾਂ ਦੀ ਚੁੰਨੀ ਵਿੱਚ ਬੱਝੀ, ਤੇਰੀ ਹੀ ਖ਼ੁਸ਼ਬੋ ਵੇ ਸੱਜਣਾ।
ਜਦ ਵੀ ਤੇਰੀ ਯਾਦ ਸਤਾਵੇ, ਪ੍ਰੀਤ ਹੈ ਪੈਂਦੀ ਰੋ ਵੇ ਸੱਜਣਾ।

ਮੇਰਾ ਦਿਲਬਰ ਮੇਰੇ ਦਿਲ ਵਿਚ ਰਹਿੰਦਾ ਹੈ।
ਧੜਕਣ ਰਾਹੀਂ ਗੱਲ ਆਪਣੀ ਕਹਿੰਦਾ ਹੈ।
ਮੈਂ ਨਾ ਜਾਂਦੀ ਮੰਦਰ ਮਸਜਿਦ ਗਿਰਜੇ ਵੀ,
ਮੇਰਾ ਰੱਬ ਤਾਂ ਮੇਰੇ ਅੰਦਰ ਰਹਿੰਦਾ ਹੈ।

ਉਪਰੋਕਤ ਕੁਝ ਸ਼ਿਅਰ ਉਸ ਦੇ ਪਿਆਰ ਫਲਸਫੇ ਦੀ ਸਫ਼ਲ ਤਰਜਮਾਨੀ ਕਰਦੇ ਹਨ। ਬਾਕੀ ਖੇਤਰਾਂ ਵਿੱਚ ਵੀ ਦਵਿੰਦਰ ਪ੍ਰੀਤ ਅਵੇਸਲੀ ਨਹੀਂ ਹੈ। ਮਾਣੋ ਉਸ ਦੇ ਵੰਨ-ਸੁਵੰਨੇ ਫੁੱਲਾਂ ਵਰਗੇ ਸ਼ਿਅਰਾਂ ਦੀ ਖੁਸ਼ਬੋ ਜੋ ਉਸ ਨੇ ਫੁੱਲਾਂ ਦੇ ਗੁਲਦਸਤੇ ਵਾਂਗ ਇਸ ਗ਼ਜ਼ਲ-ਸੰਗ੍ਰਹਿ ਵਿਚ ਪਰੋਈ ਹੈ :

ਬਾਬਲ ਜਿਗਰਾ ਥੰਮ੍ਹ ਵਰਗਾ ਤਾਂ ਰੱਖਦਾ ਹੈ,
ਪਰ ਰੋਇਆ ਜਦ ਧੀ ਹੋ ਗਈ ਪਰਾਈ ਸੀ।

ਹਰ ਤਰਫ਼ ਹੈ ਧੂੜ ਧੂੰਆਂ ਹਰ ਤਰਫ਼ ਹੀ ਸ਼ੋਰ ਹੈ।
ਇਹ ਨਹੀਂ ਨਾਨਕ ਗੁਰੂ ਦਾ, ਦੇਸ਼ ਕੋਈ ਹੋਰ ਹੈ।
ਪਹਿਨ ਕੇ ਖਾਦੀ ਦੇ ਵਸਤਰ ਟੋਪੀਆਂ ਸਿਰ ਤੇ ਧਰੀ,
ਜਾ ਰਿਹਾ ਇਹ ਲੀਡਰਾਂ ਦਾ ਕਾਫਲਾ ਕੰਮ-ਚੋਰ ਹੈ।

ਲਾਲ ਸਾਲੂ ਹੋ ਗਿਆ ਜਦ ਦਾਜ ਦੇ ਹਵਨਾਂ ਦੀ ਭੇਂਟ,
ਵੇਖ ਕੇ ਇਹ ਕਿਉਂ ਨਾ ਆਦਮ ਜ਼ਾਤ ਪੱਥਰ ਹੋ ਗਈ।

ਮਾਂ ਦੇ ਦੁੱਧ ਦਾ ਕਰਜ਼ ਹੈ ਹਰ ਇਕ ਬੰਦੇ 'ਤੇ,
ਜੋ ਵੀ ਲਾਹੇ ਕਰਜ਼ ਇਹ ਭਾਰਾ, ਜੀ ਸਦਕੇ।
ਕਿਰਤੀ ਦਾ ਜੀਵਨ ਵੀ ਹੋਵੇ ਪ੍ਰੀਤ ਸੁਖੀ,
ਅਮਲੀ ਰੂਪ 'ਚ ਲਾਓ ਨਾਅਰਾ, ਜੀ ਸਦਕੇ।

ਜ਼ਾਲਿਮ ਤਾਈਂ ਮੈਂ ਵੀ ਸਬਕ ਸਿਖਾਵਾਂਗੀ,
ਮੇਰੀ ਚੂੜੀ ਨੂੰ ਤਲਵਾਰ ਬਣਾ ਜਾਵੀਂ।

ਬੜਾ ਮੁਸ਼ਕਲ ਹੈ ਹੁੰਦਾ, ਟੁੱਟੇ ਹੋਏ ਖੁਆਬ ਦਾ ਜੁੜਨਾ,
ਕਿ ਜੀਵੇ ਟੁੱਟ ਕੇ ਜਿਹੜਾ, ਉਹੀ ਬਲਰਾਮ ਹੁੰਦਾ ਹੈ।
ਇਹ ਬੰਦਾ ਓਪਰੀ ਨਜ਼ਰੇ ਇਸੇ ਲਈ ਸ਼ਾਂਤ ਹੈ ਦਿਸਦਾ,
ਕਿ ਬੇ-ਆਰਾਮੀਆਂ ਅੰਦਰ, ਬੜਾ ਆਰਾਮ ਹੁੰਦਾ ਹੈ।

ਇਨ੍ਹਾਂ ਕੁਝ ਵੰਨਗੀ ਦੇ ਸ਼ਿਅਰਾਂ ਤੋਂ ਬਿਨਾਂ ਅਜਿਹੇ ਅਨੇਕਾਂ ਕਰਤਾਰੀ ਸ਼ਿਅਰ ਉਸ ਦੇ ਇਸ ਗ਼ਜ਼ਲ-ਸੰਗ੍ਰਹਿ "ਤਿੱਤਰ ਖੰਭੀਆਂ" ਵਿੱਚ ਤਾਰਿਆਂ ਵਾਂਗੂ ਲਿਸ਼ਕ ਰਹੇ ਹਨ। ਬੇਅੰਤ ਸ਼ਿਅਰ ਹਨ ਜੋ ਧੁਰ ਰੂਹ ਵਿੱਚ ਉੱਤਰ ਜਾਂਦੇ ਹਨ ਤੇ ਇਕ ਵਜਦ ਜਿਹਾ ਤਾਰੀ ਹੋ ਜਾਂਦਾ ਹੈ। ਏਨਿਆਂ ਗੁਣਾਂ ਦੇ ਹੁੰਦਿਆਂ ਵੀ ਲੇਖਿਕਾ ਦਾ ਪਹਿਲਾ ਗ਼ਜ਼ਲ-ਸੰਗ੍ਰਹਿ ਹੋਣ ਕਰਕੇ ਜ਼ਰੂਰ ਕਿਤੇ ਨਾ ਕਿਤੇ ਕਚਿਆਈਆਂ ਵੀ ਰਹਿ ਗਈਆਂ ਹੋਣਗੀਆਂ। ਪਰ ਹੌਲੀ ਹੌਲੀ ਤਜਰਬੇ ਅਤੇ ਸਮੇਂ ਨਾਲ ਉਹ ਇਨ੍ਹਾਂ ਉੱਤੇ ਵੀ ਅਬੂਰ ਹਾਸਿਲ ਕਰ ਲਏਗੀ। ਉਮੀਦ ਹੈ ਪਾਠਕ ਉਸ ਦੀਆਂ ਮਾਸੂਮ ਉਕਾਈਆਂ ਨੂੰ ਅੱਖੋਂ-ਪਰੋਖੇ ਕਰਦੇ ਹੋਏ, ਉਸ ਨੂੰ ਬਣਦਾ ਮਾਣ ਸਤਿਕਾਰ ਦੇਣਗੇ।

ਇਰਾਦੇ ਦੀ ਅਟੱਲ ਅਤੇ ਸੋਚ ਪੱਖੋਂ ਦ੍ਰਿੜ ਮਾਝੇ ਦੀ ਇਹ ਦਬੰਗ ਕਵਿੱਤਰੀ ਭਵਿੱਖ ਵਿੱਚ ਹੋਰ ਵੀ ਡੂੰਘੀਆਂ ਪੈੜਾਂ ਪਾਏਗੀ। ਆਸ ਹੈ ਪਾਠਕ ਤੇ ਪਾਰਖੂ ਵੀ ਉਸ ਦੀਆਂ "ਤਿੱਤਰ ਖੰਭੀਆਂ" ਦਾ ਯੋਗ ਮੁੱਲ ਪਾਉਣਗੇ।

ਸੱਚੇ ਅਕੀਦੇ ਅਤੇ ਵਿਸ਼ਵਾਸ ਨਾਲ

**1-1-2009** **ਖ਼ੁਸ਼ਵੰਤ ਕੰਵਲ**

# ਮੈਂ ਤੇ ਮੇਰੀਆਂ ਤਿੱਤਰ ਖੰਭੀਆਂ

ਕਵਿਤਾ ਨੇ ਮੇਰੀ ਜ਼ਿੰਦਗੀ 'ਚ ਇੰਜ ਝਾਤ ਪਾਈ ਕਿ ਮੈਨੂੰ ਪਤਾ ਹੀ ਨਾ ਲੱਗਿਆ। ਉਮਰ ਦੇ ਵਿਹੜੇ ਗੁਲਾਬੀ ਧੁੱਪ ਚੜ੍ਹਨੀ ਸ਼ੁਰੂ ਹੀ ਹੋਈ ਸੀ ਕਿ ਜ਼ਿੰਦਗੀ ਰੰਗਾਂ ਦਾ ਸੁਮੇਲ ਲੱਗਣ ਲੱਗੀ। ਰੰਗ ਹੀ ਰੰਗ ਸਨ, ਚਾਰ ਚੁਫੇਰੇ, ਸਤਰੰਗੀ ਪੀਂਘ ਵਰਗੇ ਰੰਗ। ਮਹਿਕ ਤੇ ਖੁਸ਼ਬੂ ਆਲੇ ਦੁਆਲੇ ਵਿੱਚ ਸੀ। ਤਰੰਗਾਂ ਹੀ ਤਰੰਗਾਂ ਸਨ। ਸਾਰਾ ਕੁਝ ਮੇਰਾ ਆਪਣਾ ਸੀ। ਵੱਡਿਆਂ ਦਾ ਬੇਇੰਤਹਾ ਪਿਆਰ ਤੇ ਕਵਿਤਾ। ਪੜ੍ਹਨਾ ਤੇ ਖੇਡਣਾ, ਅੱਡੀ-ਠੀਪ੍ਹਾ, ਗੇਂਦ-ਗੀਟੇ, ਸ਼ਟਾਪੂ ਤੇ ਕਿੱਕਲੀ ਖੇਡਾਂ ਖੇਡਦਿਆਂ "ਭੈਣ ਕੋਲੋਂ ਵੀਰ ਵੇ ਬੰਨ੍ਹਾ ਲੈ ਰੱਖੜੀ," ਜਾਂ ਫਿਰ "ਵਗਦੀ ਏ ਰਾਵੀ ਵਿੱਚ ਸੁੱਟਦੀ ਆਂ ਕਾਨਾ, ਅੱਗੇ ਗੁਰੂ ਨਾਨਕ ਪਿੱਛੇ ਬਾਲਾ ਮਰਦਾਨਾ" ਵਰਗੀਆਂ ਕਾਵਿ ਸਤਰਾਂ ਆਪ ਮੁਹਾਰੇ ਗੁਣਗੁਣਾਉਣੀਆਂ ਮੇਰੇ ਅੰਦਰਲੀ ਕਾਵਿਕ ਸਮਰੱਥਾ ਨੂੰ ਹੁਲਾਰਾ ਦਿੰਦੀਆਂ ਸਨ। ਉਮਰ ਭਾਵੇਂ ਛੋਟੀ ਸੀ, ਪਰ ਉਦੋਂ ਕਵਿਤਾ ਵੀ ਮੇਰੀ ਉਮਰ ਵਰਗੀ ਨਿਆਣੀ ਹੀ ਸੀ।

ਜੀਵਨ ਦੇ ਮੁੱਢਲੇ ਦਿਨਾਂ ਦੀ ਇਕ ਯਾਦ ਦਿਲ ਦੇ ਚਿੱਤਰ-ਪਟ 'ਤੇ ਤਰੋਤਾਜ਼ਾ ਹੈ। ਮੇਰੇ ਪੜ੍ਹਨਾਨੀ ਜੀ, ਜੋ ਅਕਸਰ ਮੰਜੇ 'ਤੇ ਬੈਠੇ ਪਾਠ ਕਰਦੇ ਰਹਿੰਦੇ ਸਨ, ਮੈਨੂੰ ਬੜਾ ਪਿਆਰ ਕਰਦੇ ਸਨ। ਸ਼ਾਇਦ ਚੌਥੀ ਪੰਜਵੀਂ ਵਿੱਚ ਪੜ੍ਹਦੀ ਸਾਂ। ਇਕ ਦਿਨ ਬੈਠਿਆਂ ਬੈਠਿਆਂ ਮੈਂ ਸਲੇਟੀ ਨਾਲ ਸਲੇਟ ਉੱਤੇ ਕੁਝ ਸਤਰਾਂ ਜੋੜ ਕੇ ਲਿਖ ਦਿੱਤੀਆਂ। ਐਵੇਂ ਤੁਕਬੰਦੀ ਜਿਹੀ। ਜੋ ਸ਼ਾਇਦ ਘਰ ਦੀ ਕਿਆਰੀ ਵਿੱਚ ਲਾਏ ਹੋਏ ਤੁਲਸੀ ਦੇ ਬੂਟੇ ਬਾਰੇ ਸਨ। ਮੈਂ ਪੜ੍ਹਨਾਨੀ ਜੀ ਨੂੰ ਪੜ੍ਹਾਈਆਂ ਤਾਂ ਉਹ ਬਹੁਤ ਖੁਸ਼ ਹੋਏ। ਨਾਨੀ ਜੀ ਸਾਨੂੰ ਬੱਚਿਆਂ ਨੂੰ ਦਸ ਪੈਸੇ ਜਾਂ ਚਵਾਨੀ ਖਰਚਣ ਨੂੰ ਦੇਂਦੇ ਹੁੰਦੇ ਸਨ। ਉਸ ਦਿਨ ਉਨ੍ਹਾਂ ਨੇ ਬਾਕੀ ਸਾਰਿਆਂ ਨੂੰ ਦਸ ਪੈਸੇ ਚਵਾਨੀ ਹੀ ਦਿੱਤੇ, ਪਰ ਮੈਨੂੰ ਇਕ ਰੁਪਿਆ ਦਿੱਤਾ। ਕਹਿਣ ਲੱਗੇ, "ਬਹੁਤ ਸਾਰਾ ਪੜ੍ਹਿਆ ਕਰ ਤੇ ਇਹੋ ਜਿਹੀਆਂ ਕਵਿਤਾਵਾਂ ਵੀ ਲਿਖਿਆ ਕਰ। ਜਾਹ ਖੇਡ, ਮੇਰੀ ਸਿਆਣੀ ਧੀ।" ਹੁਣ ਸੋਚਦੀ ਹਾਂ, ਨਾਨੀ ਜੀ ਨੇ ਇਕ ਰੁਪਿਆ ਖਰਚਣ ਲਈ ਨਹੀਂ ਸੀ ਦਿੱਤਾ, ਮੇਰੇ ਅੰਦਰ ਬੈਠੇ ਕਵੀ ਮਨ ਨੂੰ ਤੇ ਭਵਿੱਖ ਵਿੱਚ ਲਿਖੀ ਜਾਣ ਵਾਲੀ ਕਵਿਤਾ ਨੂੰ "ਜੀ ਆਇਆਂ" ਆਖਿਆ ਸੀ।

ਬਚਪਨ ਅਠਖੇਲ੍ਹੀਆਂ ਕਰਦਾ ਬੀਤ ਗਿਆ। ਹੁਣ ਅੱਥਰੀ ਤੇ ਹੁੰਦੜ ਹੇਲ ਜਵਾਨੀ ਨੇ ਆਣ ਦਸਤਕ ਦਿੱਤੀ ਸੀ। ਇਹ ਉਹ ਸਮਾਂ ਸੀ ਜਦੋਂ ਮੈਂ ਆਪਣੇ ਆਪ ਨੂੰ ਕਵਿਤਾਵਾਂ ਵਿੱਚ ਘਿਰਿਆ ਮਹਿਸੂਸ ਕਰਦੀ ਸਾਂ। ਸਭ ਕੁਝ ਕਵਿਤਾ ਹੀ ਕਵਿਤਾ ਹੋ ਗਿਆ ਸੀ। ਆਸੇ-ਪਾਸੇ, ਸੱਜੇ-ਖੱਬੇ, ਚਾਰ ਚੁਫੇਰੇ, ਉੱਠਦੇ ਬੈਠਦੇ ਕਵਿਤਾ ਹੀ ਕਵਿਤਾ ਸੀ। ਪਰ ਇਸ ਕਵਿਤਾ ਦਾ ਰੰਗ ਬਚਪਨ ਦੀ ਕਵਿਤਾ ਵਰਗਾ ਨਹੀਂ ਸੀ। ਗੁਲਾਬੀ ਭਾਅ ਮਾਰਦੀ ਬਚਪਨ ਦੀ ਕਵਿਤਾ ਦੇ ਰੰਗ ਵਿੱਚ ਸਮਾਜ ਦੀਆਂ ਕੌੜੀਆਂ ਕੁਸੈਲੀਆਂ ਘਟਨਾਵਾਂ ਦਾ ਕੁਸੈਲਾ ਰੰਗ ਵੀ ਸ਼ਾਮਿਲ ਹੋਣਾ ਸ਼ੁਰੂ ਹੋ ਗਿਆ ਸੀ। ਸਮਝ ਥੋੜ੍ਹੀ ਥੋੜ੍ਹੀ ਪੱਕਣੀ ਸ਼ੁਰੂ ਹੋ ਚੁੱਕੀ ਸੀ। ਸੂਝ ਨੇ ਪੈਰ ਲਾਉਣੇ ਸ਼ੁਰੂ ਕਰ ਦਿੱਤੇ ਸਨ। ਮੇਰੇ ਪਿਤਾ ਜੀ ਅਤਿ ਭਾਵੁਕ ਤੇ ਸੰਵੇਦਨਸ਼ੀਲ ਸੁਭਾਅ ਦੇ ਹੋਣ ਕਰਕੇ ਕਲਾ ਦੇ ਪੁਜਾਰੀ ਇਨਸਾਨ ਸਨ। ਅਕਸਰ ਰੋਜ਼ ਚਾਂਦਨੀ ਰਾਤ ਵਿੱਚ ਵਿਹੜੇ ਵਿਚ ਮੰਜਿਆਂ 'ਤੇ ਲੇਟਿਆਂ ਮੈਂ ਉਨ੍ਹਾਂ ਨੂੰ ਪੁੱਛਦੀ, "ਕੁੜੀਆਂ ਹੀ ਵਿਆਹ ਹੋ ਕੇ ਸਹੁਰੇ ਘਰ ਕਿਉਂ ਜਾਂਦੀਆਂ ਨੇ ? ਮਰਨ ਪਿਛੋਂ ਲੋਕੀਂ ਕਿੱਥੇ ਚਲੇ ਜਾਂਦੇ ਨੇ ? ਕੁੜੀਆਂ ਨੂੰ ਘੱਟ ਤੇ ਮੁੰਡਿਆਂ ਨੂੰ ਜ਼ਿਆਦਾ ਪਿਆਰ ਕਿਉਂ ਕੀਤਾ ਜਾਂਦਾ ਹੈ ? ਸਾਰੇ ਲੋਕ ਅਮੀਰ ਕਿਉਂ ਨਹੀਂ ਹੁੰਦੇ ? ਗਰੀਬ ਕੌਣ ਬਣਾਉਂਦਾ ਹੈ ?" ਅਜਿਹੇ ਸਵਾਲ ਮੇਰੇ ਬਾਪ ਨੂੰ ਧੁਰ ਅੰਦਰੋਂ ਹਲੂਣ ਕੇ ਰੱਖ ਦਿੰਦੇ।

ਕਵਿਤਾ ਦਾ ਰੁਖ ਹੁਣ ਦਰਦ ਤਰਸ ਤੋਂ ਨਿਕਲ ਕੇ ਜੀਵਨ ਦੇ ਯਥਾਰਥ ਨਾਲ ਜੁੜਨਾ ਸ਼ੁਰੂ ਹੋ ਗਿਆ ਸੀ। ਇਹ ਉਹ ਸਮਾਂ ਸੀ ਜਦੋਂ ਪੰਜਾਬ ਦੇ ਅਮਨ ਚੈਨ ਨੂੰ ਕਿਸੇ ਦੀ ਨਜ਼ਰ ਲੱਗ ਗਈ ਸੀ। ਰੋਜ਼ ਹੀ ਬੇਦੋਸ਼ੇ ਲੋਕਾਂ ਦੇ ਕਤਲਾਂ ਨੇ ਇੱਥੋਂ ਦੀ ਨਿੱਘੀ ਪੌਣ ਨੂੰ ਤਪਸ਼ ਭਰੀ ਸੜੀ ਹਵਾ ਬਣਾ ਦਿੱਤਾ ਸੀ। ਪੁਲਿਸ ਮੁਕਾਬਲੇ ਰੋਜ਼ ਹੋਣ ਲੱਗ ਪਏ ਸਨ। ਸਮਾਜਿਕ ਪ੍ਰੰਪਰਾਵਾਂ ਵਿੱਚ ਜਕੜੇ ਧੀਆਂ ਦੇ ਬਾਪ ਨੇ ਕੁੜੀਆਂ ਪਰਾਏ ਘਰ ਤੋਰਨੀਆਂ ਹੀ ਠੀਕ ਸਮਝੀਆਂ।

ਇਨ੍ਹਾਂ ਹਾਲਤਾਂ ਤੋਂ ਘਬਰਾ ਕੇ ਪਿਤਾ ਜੀ ਨੇ ਜਲਦੀ ਜਲਦੀ ਵਿੱਚ ਮੇਰੀ ਸ਼ਾਦੀ ਕਰ ਦਿੱਤੀ। ਇਸ ਕਾਹਲੀ ਦਾ ਨਤੀਜਾ ਇਹ ਨਿਕਲਿਆ ਕਿ ਮੈਨੂੰ ਉਹ ਸਾਰੇ ਵਿਤਕਰੇ, ਵਧੀਕੀਆਂ ਬਰਦਾਸ਼ਤ ਕਰਨੀਆਂ ਪਈਆਂ ਜੋ ਆਮ ਕਰਕੇ ਕੁੜੀਆਂ ਨੂੰ ਸਹੁਰੇ ਘਰ ਵਿੱਚ ਬਰਦਾਸ਼ਤ ਕਰਨੀਆਂ ਪੈਂਦੀਆਂ ਹਨ। ਉਮਰ ਦੇ ਵਿਹੜੇ ਭਾਵੇਂ ਸੁਨਹਿਰੀ ਧੁੱਪ ਚੜ੍ਹੀ ਸੀ ਤੇ ਇਸ ਸੁਨਹਿਰੀ ਧੁੱਪ ਦੇ ਚਾਨਣ ਵਿੱਚ ਮਨ ਦੇ ਚਾਅ ਕੁਆਰੇ ਸਨ। ਉਮੰਗਾਂ ਤੇ ਰੀਝਾਂ ਲਾਡਲੀਆਂ ਸਨ ਜਿਵੇਂ ਕਿ ਹਰ ਕੁੜੀ ਦੀਆਂ ਹੁੰਦੀਆਂ ਨੇ, ਪਰ ਸਮੇਂ ਦੀ ਬੁੱਕਲ ਵਿੱਚ ਵਕਤ ਦੇ ਥਪੇੜੇ ਵੀ ਨਾਲ-ਨਾਲ ਸਨ, ਜੋ ਮੈਨੂੰ ਖਾਣੇ ਪੈਣੇ ਸਨ ਤੇ ਜਿਨ੍ਹਾਂ ਦਾ ਅਜੇ ਮੈਨੂੰ ਕੋਈ ਇਲਮ ਨਹੀਂ ਸੀ।

ਅਕਸਰ ਸੁਣਨ ਨੂੰ ਮਿਲਦਾ ਕਿ ਜਵਾਨੀ ਦਾ ਸਮਾਂ ਜੀਵਨ ਦਾ ਸਭ ਤੋਂ ਵੱਧ ਸੁੱਖਦ ਤੇ ਲੁਤਫ਼ ਭਰਪੂਰ ਸਮਾਂ ਹੁੰਦਾ ਹੈ, ਪਰ ਮੇਰੀ ਜਾਚੇ ਜਵਾਨੀ ਦਾ ਸਮਾਂ

ਤੁਹਮਤਾਂ, ਅਣਕਿਆਸੇ ਇਲਜ਼ਾਮਾਂ ਲਈ ਵੀ ਹੁੰਦਾ ਹੈ। ਹੁਣ ਭਾਵੇਂ ਮੇਰੀ ਉਮਰ ਦਿਨ ਦੇ ਸਿਖਰ ਦੁਪਹਿਰ ਵਰਗੀ ਸੀ, ਪਰ ਮੈਂ ਇਸ ਚਮਕਦੀ ਦੁਪਹਿਰ ਦੀ ਧੁੱਪ ਵਿੱਚ ਜਦੋਂ ਆਪਣੇ ਹੱਥਾਂ ਦੀਆਂ ਲਕੀਰਾਂ 'ਤੇ ਗਹੁ ਨਾਲ ਨਜ਼ਰ ਮਾਰਦੀ ਤਾਂ ਮੈਨੂੰ ਸਾਰੀਆਂ ਲਕੀਰਾਂ ਵਧੀਕੀ ਵਾਲੀਆਂ ਲੱਗਦੀਆਂ, ਜਿਨ੍ਹਾਂ ਨੇ ਮੇਰੀ ਕਿਸਮਤ ਦੀ ਰੇਖਾ ਨੂੰ ਆਪਣੇ ਤਾਣੇ-ਬਾਣੇ ਵਿੱਚ ਲੁਕਾ ਹੀ ਲਿਆ ਹੈ। ਰਿਸ਼ਤਿਆਂ ਵਿਚੋਂ ਪਛਾਣ ਮਨਫ਼ੀ ਹੋ ਗਈ ਤੇ ਇਹ ਸਾਰਾ ਸੰਤਾਪ ਤੇ ਦਰਦ ਮੈਂ ਜੋ ਹੰਢਾਇਆ ਹੈ ਉਸ ਨੂੰ ਗ਼ਜ਼ਲਾਂ ਦਾ ਜਾਮਾ ਪਹਿਨਾ ਕੇ ਤੁਹਾਡੇ ਸਨਮੁੱਖ 'ਤਿੱਤਰ ਖੰਭੀਆਂ' ਦੇ ਰੂਪ ਵਿੱਚ ਰੱਖ ਰਹੀ ਹਾਂ। ਅਧੂਰੇ ਵਲਵਲੇ ਤਿੱਤਰ ਖੰਭੀਆਂ ਵਾਂਗ ਹੀ ਅੱਖਾਂ ਅੱਗੇ ਸਾਏ ਬਣ ਬਣ ਉੱਡਦੇ ਹਨ।

ਮੈਂ ਤੁਹਾਡੇ ਸਾਹਮਣੇ ਅਤੀਤ ਤੇ ਵਰਤਮਾਨ ਦੀ ਫੋਲਾ-ਫਾਲੀ ਕਰ ਦਿੱਤੀ ਹੈ। ਭਵਿੱਖ ਆਪਣੀ ਬੁੱਕਲ ਵਿੱਚ ਕੀ ਲੁਕੋਈ ਬੈਠਾ ਹੈ, ਇਸ ਬਾਰੇ ਕੋਈ ਇਲਮ ਨਹੀਂ, ਪਰ ਜਦੋ ਜਹਿਦ ਜਾਰੀ ਹੈ ਤੇ ਅਖੀਰਲੇ ਸਾਹ ਤੱਕ ਜਾਰੀ ਰਹੇਗੀ।

ਪ੍ਰਸਿੱਧ ਸ਼ਾਇਰ ਸਰਦਾਰ ਪੰਛੀ ਜੀ ਅਤੇ ਉਸਤਾਦ ਸ਼ਾਇਰ ਖ਼ੁਸ਼ਵੰਤ ਕੰਵਲ ਜੀ ਦੀ ਅਗਵਾਈ ਤੇ ਪ੍ਰੇਰਣਾ ਸਦਕੇ ਹੀ ਕੁਝ ਚੰਗਾ ਲਿਖ ਸਕੀ ਹਾਂ। ਬੇਸ਼ੱਕ ਉਸਤਾਦ ਸ਼ਾਇਰਾਂ ਦੀ ਪ੍ਰੇਰਣਾ ਸਦਕੇ ਹੀ, ਪਰ ਮੈਨੂੰ ਲੱਗਦਾ ਹੈ, ਮੇਰੀਆਂ ਗ਼ਜ਼ਲਾਂ ਵੀ ਹੁਣ ਮੇਰੀ ਉਮਰ ਵਾਂਗ ਪ੍ਰੌੜ ਹੋ ਗਈਆਂ ਹਨ। ਮੈਂ ਇਹ ਗ਼ਜ਼ਲਾਂ ਦਰਦ ਦੀ ਸਿਆਹੀ ਵਿੱਚ ਭਾਵਾਂ ਦੀ ਕਲਮ ਡਬੋ ਕੇ, ਰੂਹ ਦੀ ਜ਼ੁਬਾਨ ਨਾਲ ਲਿਖੀਆਂ ਹਨ। ਪਰ ਪਰਖ ਤੁਸਾਂ ਕਰਨੀ ਹੈ। ਹੋ ਸਕੇ ਤਾਂ ਤੁਸੀਂ ਵੀ ਇਨ੍ਹਾਂ ਨੂੰ ਰੂਹ ਦੀ ਜ਼ੁਬਾਨ ਨਾਲ ਹੀ ਪੜ੍ਹਨਾ।

1-1-2009 **ਦਵਿੰਦਰ ਪ੍ਰੀਤ**

## ਕਰਿਆ ਕਰ ਨਾ

ਕਰਿਆ ਕਰ ਨ ਇੰਜ ਗੱਲਾਂ ਇਹ ਨ ਗੱਲਾਂ ਚੰਗੀਆਂ।
ਤੂੰ ਕੀ ਜਾਣੇ ਤੇਰੇ ਬਿਨ ਨੇ ਰਾਤਾਂ ਕੀਕਰ ਲੰਘੀਆਂ।

ਮੈਂ ਤਾਂ ਜਨਮਾਂ ਤੋਂ ਹਾਂ ਤੇਰੀ ਦੇਹ ਸੁੱਖ ਜਾਂ ਤੰਗੀਆਂ।
ਰਖ ਜੀਕਣ ਚਾਹੇਂ ਤੂੰ ਮੈਂ ਤੇਰੇ ਰੰਗ ਵਿੱਚ ਰੰਗੀਆਂ।

ਅਰਥ ਰਖਦੀ ਮੌਤ ਕੀ ਜਦ ਦੇ ਸ਼ਹਾਦਤ ਜ਼ਿੰਦਗੀ,
ਅਰਥ ਕੀ ਨੇ ਰਖਦੀਆਂ ਫਿਰ ਚਰਖੀਆਂ ਤੇ ਰੰਬੀਆਂ।

ਸਾਥ ਤੇਰੇ ਵਿੱਚ ਨਿੱਕੀਆਂ ਨਿੱਕੀਆਂ ਰੀਝਾਂ ਚਾਅ ਮੇਰੇ,
ਤੇਰੇ ਬਿਨ ਕੀ ਕਰਨੀਆਂ ਮੈਂ ਛਾਪਾਂ ਛੱਲੇ ਕੰਘੀਆਂ।

ਸਭਿਅਤਾ ਇਸ ਦੌਰ ਦੀ ਰੰਗੀ ਗਈ ਕਿਸ ਰੰਗ ਵਿੱਚ,
ਜਿੱਥੇ ਮਿਲਦੇ ਚਾਰ ਬੰਦੇ ਗੱਲਾਂ ਕਰਦੇ ਨੰਗੀਆਂ।

ਪਿਆਰ ਤਾਂ ਪਹਿਚਾਣ ਹੈ ਕਬਜ਼ਾ ਨ ਬੰਧਨ ਹੈ ਕੋਈ,
ਨਾਲ ਆਜ਼ਾਦੀ ਦੇ ਉੱਡਣ ਦੇ ਇਹ ਤਿੱਤਰ ਖੰਭੀਆਂ।

ਜਨਮਾਂ ਜਨਮਾਂ ਤੋਂ ਹੈ ਦਾਸੀ 'ਪ੍ਰੀਤ' ਤੇਰੇ ਪਿਆਰ ਦੀ,
ਤੇਰੀਆਂ ਤੂੰ ਜਾਣੇ ਮੈਂ ਤਾਂ ਨਾਮ ਰੰਗ ਵਿੱਚ ਰੰਗੀਆਂ।

## ਮੈਨੂੰ ਤੇਰੀਆਂ ਮੁਹੱਬਤਾਂ

ਮੈਨੂੰ ਤੇਰੀਆਂ ਮੁਹੱਬਤਾਂ ਦੀ ਲੋੜ ਸੱਜਣਾ।
ਮੁੱਲ ਮੇਰੀਆਂ ਮੁਹੱਬਤਾਂ ਦਾ ਮੋੜ ਸੱਜਣਾ।

ਹਰ ਵੇਲੇ ਦੇਂਦਾ ਰਹਿਨੈ ਤੋੜ ਦੇਣ ਦੇ ਡਰਾਵੇ,
ਛੱਡ ਤੋੜ ਦੀਆਂ ਗੱਲਾਂ ਲਈਂ ਜੋੜ ਸੱਜਣਾ।

ਹੁੰਦੇ ਪਿਆਰ ਵਿੱਚ ਘਾਟੇ ਵਾਧੇ ਇੱਕੋ ਜਿਹੇ ਨੇ,
ਮਾਣ ਰੱਖ ਲੈ, ਮੁਹੱਬਤਾਂ ਨਾ ਤੋੜ ਸੱਜਣਾ।

ਕਈ ਲੰਘੇ ਨੇ ਹੁਨਾਲ ਲੰਘ ਗਏ ਨੇ ਸਿਆਲ,
ਗੱਲ ਪਿਆਰ ਵਾਲੀ ਲਾ ਦੇ ਕਿਸੇ ਤੋੜ ਸੱਜਣਾ।

ਤੈਨੂੰ ਮਿਲਣੇ ਦੀ ਸਿੱਕ ਲੱਗੀ ਰਹਿੰਦੀ ਨਿੱਤ-ਨਿੱਤ,
ਦਿਲ ਤੇਰਾ ਜਿੱਤ ਲਵਾਂ, ਬੜੀ ਲੋੜ ਸੱਜਣਾ।

ਇਹ ਮੁਹੱਬਤਾਂ ਦੀ ਬਾਜ਼ੀ ਹੁੰਦੀ ਤਿਲਕਣਬਾਜ਼ੀ,
ਰੱਖੀਂ ਪੈਰ ਨੱਪ ਤੋਲ ਹਰ ਮੋੜ ਸੱਜਣਾ।

ਦੇਖੀਂ ਪਿਆਰ ਵਾਲੀ ਖੇਡ ਨਾ ਖਿਲਾਰ ਕਿਤੇ ਬੈਠੀਂ,
ਜੇ ਇਹ ਖਿੱਲਰੀ ਤਾਂ ਔਖੀ ਹੋਣੀ ਜੋੜ ਸੱਜਣਾ।

ਤੇਰੇ ਵੱਲ ਨੇ ਨਿਗਾਹਾਂ ਦੇਖਾਂ ਤੇਰੀਆਂ ਹੀ ਰਾਹਾਂ,
ਦੱਸ ਆ ਕੇ ਮੈਂ ਖਲੋਵਾਂ ਕਿਹੜੇ ਮੋੜ ਸੱਜਣਾ।

ਤੰਦ ਪੱਕੀ 'ਪ੍ਰੀਤ' ਵਾਲੀ ਬਣ ਜਾਵੇ ਪੀਢੀ ਗੰਢ,
ਆ ਕੇ ਦੋਹਾਂ ਹੀ ਕਿਨਾਰਿਆਂ ਨੂੰ ਜੋੜ ਸੱਜਣਾ।

## ਤੇਰੇ ਵੱਲੋਂ ਜਦੋਂ ਹਵਾਵਾਂ

ਤੇਰੇ ਵੱਲੋਂ ਜਦੋਂ ਹਵਾਵਾਂ ਆਉਣਗੀਆਂ।
ਖੁਸ਼ਬੂ ਤੇ ਸੰਦੇਸ਼ੇ ਨਾਲ ਲਿਆਉਣਗੀਆਂ।

ਲੈ ਕੇ ਬੰਸੀ ਯਮੁਨਾ ਕੰਢੇ ਆ ਜਾਵੀਂ,
ਰਾਧਾ ਦੇ ਸੰਗ ਗੋਪੀਆਂ ਨੱਚਣ ਗਾਉਣਗੀਆਂ।

ਜੇ ਨਾ ਆਇਆ ਬੁੱਲਾ ਤੇਰੇ ਵੱਲੋਂ ਹੁਣ,
ਪੋਹ ਮਾਘ ਦੀਆਂ ਰਾਤਾਂ ਵੀ ਅੱਗ ਲਾਉਣਗੀਆਂ।

ਜਨਮ-ਜਨਮ ਦੇ ਨਾਲ ਹੀ ਸੱਧਰਾਂ ਪਣਪਦੀਆਂ,
ਹਰ ਵਾਰੀ ਇਹ ਸੱਧਰਾਂ ਤੈਨੂੰ ਚਾਹੁੰਣਗੀਆਂ।

ਮੇਰਾ ਤੇਰਾ ਕਈ ਜਨਮਾਂ ਦਾ ਸਾਥ ਰਹੇ,
ਲੈ ਲੈ ਕੇ ਅੰਗੜਾਈਆਂ ਰੀਝਾਂ ਗਾਉਣਗੀਆਂ।

ਜੇ ਨਾ ਲੋਕੋ ਰੁਕੇ ਤੁਸੀਂ ਧੀ ਮਾਰਨ ਤੋਂ,
ਮੁੰਡੇ ਜੰਮਣ ਕੁੜੀਆਂ ਕਿੱਥੋਂ ਆਉਣਗੀਆਂ।

ਇੱਕ ਵਾਰੀ ਤਾਂ ਆ ਜਾ ਹੰਝੂ ਹੋ ਕੇ ਹੀ,
'ਪ੍ਰੀਤ' ਦੀਆਂ ਇਹ ਅੱਖੀਆਂ ਤਦ ਮੁਸਕਾਉਣਗੀਆਂ।

# ਜੇ ਲਾਇਆ ਤੂੰ

ਜੇ ਲਾਇਆ ਤੂੰ ਮੈਨੂੰ ਇਹ ਲਾਰਾ ਨਾ ਹੁੰਦਾ।
ਤਾਂ ਮੇਰਾ ਜਨਮ ਵੀ ਦੁਬਾਰਾ ਨਾ ਹੁੰਦਾ।

ਜੇ ਹੁੰਦੇ ਕਿਤੇ ਨਾ ਇਹ ਆਦਮ ਤੇ ਹੱਵਾ,
ਤਾਂ ਧਰਤੀ ਤੇ ਏਨਾ ਪਸਾਰਾ ਨਾ ਹੁੰਦਾ।

ਅਮੀਰੀ ਗਰੀਬੀ ਦੀ ਵੰਡ ਜੇ ਨਾ ਹੁੰਦੀ,
ਤਾਂ ਪਿੰਡ ਵਿੱਚ ਇੱਕੋ ਚੁਬਾਰਾ ਨਾ ਹੁੰਦਾ।

ਤੂੰ ਟਿਕਿਆ ਜੇ ਹੁੰਦਾ ਸਹੀ ਗੱਲ ਉੱਤੇ,
ਕਿਵੇਂ ਗੱਲ ਦਾ ਫਿਰ ਨਿਤਾਰਾ ਨਾ ਹੁੰਦਾ।

ਵੜਾ ਹੀ ਨਾ ਹੁੰਦੀ ਅਗਰ 'ਪ੍ਰੀਤ' ਅੰਦਰ,
ਤਾਂ ਅਰਸ਼ਾਂ ਤੇ ਕੋਈ ਸਿਤਾਰਾ ਨਾ ਹੁੰਦਾ।

## ਯਾਦ ਉਸ ਦੀ ਆਉਂਦੀ ਹੈ

ਯਾਦ ਉਸ ਦੀ ਆਉਂਦੀ ਹੈ ਤਾਂ ਚੁਪਕੇ ਚੁਪਕੇ।
ਧੂਹ ਕਾਲਜੇ ਪਾਉਂਦੀ ਹੈ ਤਾਂ ਚੁਪਕੇ ਚੁਪਕੇ।

ਦਿਲਬਰ ਤੇਰੀ ਤੱਕਣੀ ਮਸਤ ਸ਼ਰਾਬ ਜਿਹੀ ਏ,
ਰੂਹ ਨੂੰ ਜੋ ਨਸ਼ਿਆਉਂਦੀ ਹੈ ਤਾਂ ਚੁਪਕੇ ਚੁਪਕੇ।

ਉਸਦੀਆਂ ਜ਼ੁਲਫਾਂ ਤਾਈਂ ਛੂਹ ਕੇ ਚੁੰਮਦੀ-ਚੁੰਮਦੀ,
'ਵ੍ਹਾ ਵੀ ਨਗ਼ਮੇ ਗਾਉਂਦੀ ਹੈ ਤਾਂ ਚੁਪਕੇ ਚੁਪਕੇ।

ਫੁੱਲਾਂ ਦਾ ਰਸ ਚੂਸਣ ਭੰਵਰੇ ਦੇਖ-ਦੇਖ ਕੇ,
ਤਿਤਲੀ ਵੀ ਸ਼ਰਮਾਉਂਦੀ ਹੈ ਤਾਂ ਚੁਪਕੇ ਚੁਪਕੇ।

ਲਿਖਦੀ ਗੀਤ ਗ਼ਜ਼ਲ ਹੈ ਘਰ ਦੇ ਵਿਹੜੇ ਬਹਿ ਕੇ,
'ਪ੍ਰੀਤ' ਵੀ ਮਨ ਪਰਚਾਉਂਦੀ ਹੈ ਤਾਂ ਚੁਪਕੇ ਚੁਪਕੇ।

# ਮੇਰੀ ਗੱਲ ਉਸ ਦਾ ਹੁੰਗਾਰਾ

ਮੇਰੀ ਗੱਲ ਤੇ ਉਸ ਦਾ ਹੁੰਗਾਰਾ ਜੀ ਸਦਕੇ।
ਹੈ ਕਿੰਨਾ ਦਿਲਚਸਪ ਨਜ਼ਾਰਾਂ ਜੀ ਸਦਕੇ।

ਖੁਸ਼ੀਆਂ ਦਾ ਹਰ ਵਾਅਦਾ ਬੇਇਤਬਾਰ ਜਿਹਾ,
ਬੇਇਤਬਾਰਾ ਬੇਇਤਬਾਰਾ ਜੀ ਸਦਕੇ।

ਮਾਂ ਦੇ ਦੁੱਧ ਦਾ ਕਰਜ਼ ਹੈ ਹਰ ਇੱਕ ਬੰਦੇ 'ਤੇ,
ਜੋ ਵੀ ਲਾਹੇ ਕਰਜ਼ ਇਹ ਭਾਰਾ ਜੀ ਸਦਕੇ।

ਦਿਲ ਦੇ ਜ਼ਖ਼ਮ ਛੁਪਾਇਆਂ ਵੀ ਕਦ ਛੁਪਦੇ ਨੇ,
ਕਰ ਵੇਖੋ ਕੋਈ ਵੀ ਚਾਰਾ ਜੀ ਸਦਕੇ।

ਪਾਸਾ ਪਲਟ ਹੀ ਜਾਵੇਗਾ ਤਕਦੀਰਾਂ ਦਾ,
ਹੋਵੇ ਨੇਕ ਇਰਾਦਾ ਯਾਰਾ ਜੀ ਸਦਕੇ।

ਇਸ਼ਕ ਦੀ ਮੰਜ਼ਿਲ ਪਾਉਣ ਲਈ ਹਰ ਵੇਲੇ ਹੀ,
ਮਜਨੂੰ ਫਿਰਦਾ ਮਾਰਾ-ਮਾਰਾ ਜੀ ਸਦਕੇ।

ਕਿਰਤੀ ਦਾ ਜੀਵਨ ਵੀ ਹੋਵੇ 'ਪ੍ਰੀਤ' ਸੁਖੀ,
ਅਮਲੀ ਰੂਪ 'ਚ ਲਾਓ ਨਾਅਰਾ ਜੀ ਸਦਕੇ।

## ਜਦ ਕਦੇ ਵੀ ਬਾਤ ਉਹ

ਜਦ ਕਦੇ ਵੀ ਬਾਤ ਉਹ ਅਪਣੀ ਸੁਣਾਇਆ ਕਰਨਗੇ।
ਚੁੱਪ-ਚੁਪੀਤੇ ਅੱਥਰੂ ਅੱਖਾਂ 'ਚ ਆਇਆ ਕਰਨਗੇ।

ਵਸਲ ਤੇਰੇ ਦੇ ਜਦੋਂ ਪਲ ਯਾਦ ਆਇਆ ਕਰਨਗੇ।
ਹੋਰ ਵੀ ਉਹ ਸੁੱਤੀਆਂ ਪੀੜਾਂ ਜਗਾਇਆ ਕਰਨਗੇ।

ਕਰਨਗੇ ਉਹ ਜਦ ਕਦੇ ਵੀ ਗੁੰਮੀਆਂ ਪੈੜਾਂ ਦੀ ਭਾਲ,
ਹੋਰ ਅਪਣੇ ਆਪ ਨੂੰ ਬੇਚੈਨ ਪਾਇਆ ਕਰਨਗੇ।

ਦਰਦ ਪੀੜਾਂ ਸਹਿ ਕੇ ਉਹ ਤਾਂ ਹੋ ਗਏ ਪੱਥਰ ਦੇ ਬੁੱਤ;
ਇਸ਼ਕ ਵਿੱਚ ਇਹ ਹਾਦਸੇ ਅਕਸਰ ਹੋ ਜਾਇਆ ਕਰਨਗੇ।

ਪਿੰਜਰੇ ਵਿੱਚ ਕੈਦ ਪੰਛੀ ਯਾਦ ਕਰ ਪ੍ਰਵਾਜ਼ ਨੂੰ,
ਹਸਰਤਾਂ ਦੇ ਨਾਲ ਹੀ ਪਰ ਫੜ-ਫੜਾਇਆ ਕਰਨਗੇ।

ਤੇਰੀਆਂ ਯਾਦਾਂ ਦੀ ਲੋਅ ਹੈ ਬਖ਼ਸ਼ਦੀ ਦਿਲ ਨੂੰ ਸਕੂਨ,
ਗ਼ਮ ਤੇਰੇ ਹੀ ਸੁੱਤੀਆਂ ਪੀੜਾਂ ਜਗਾਇਆ ਕਰਨਗੇ।

'ਪ੍ਰੀਤ' ਦੇ ਇਹ ਦਿਲ ਦੀ ਧੜਕਣ ਵੀ ਬਣੇਗੀ ਸੁਰ ਤੇ ਤਾਲ,
ਜਦ ਕਦੇ ਉਹ ਗੀਤ ਮੇਰੇ ਗੁਨ ਗੁਨਾਇਆ ਕਰਨਗੇ।

## ਕੁਝ ਪੰਛੀ ਮੁੜ ਆਉਂਦੇ

ਕੁਝ ਪੰਛੀ ਮੁੜ ਆਉਂਦੇ ਸ਼ਾਮੀਂ ਪਰ ਕੁਝ ਆਉਂਦੇ ਕਦੇ ਨਹੀਂ।
ਸੁੱਤੇ ਰਹਿੰਦੇ ਰਾਤ ਦਿਨੇ ਕੁਝ, ਪਰ ਕੁਝ ਸੌਂਦੇ ਕਦੇ ਨਹੀਂ।

ਕੁਝ ਸੂਲੀ ਤੇ ਚੜ੍ਹਕੇ ਵੀ ਤਾਂ ਗਾਉਂਦੇ ਗੀਤ ਤਰਾਨੇ ਨੇ,
ਕੁਝ ਮਹਿਲਾਂ ਦੇ ਅੰਦਰ ਰਹਿ ਕੇ ਵੀ ਨੇ ਗਾਉਂਦੇ ਕਦੇ ਨਹੀਂ।

ਦੂਰ-ਦੂਰ ਰਹਿ ਕੇ ਵੀ ਆਉਂਦੇ ਯਾਦ ਬੜੇ ਉਹ ਅਕਸਰ ਹੀ,
ਪਰ ਕੁਝ ਬਹਿ ਕੇ ਕੋਲ ਵੀ ਇੱਕ ਦੂਜੇ ਨੂੰ ਪਾਉਂਦੇ ਕਦੇ ਨਹੀਂ।

ਉਹ ਵੀ ਨੇ ਜੋ ਬਾਲ ਕੇ ਦੀਵੇ ਸੂਝ ਦਾ ਚਾਨਣ ਕਰਦੇ ਨੇ,
ਪਰ ਕੁਝ ਅਪਣੀ ਸੂਝ ਦੇ ਦੀਵੇ ਬਾਹਰ ਜਗਾਉਂਦੇ ਕਦੇ ਨਹੀਂ।

ਦਰਦ ਨੇ ਜ਼ਿੰਦਗੀ ਦਾ ਸਰਮਾਇਆ ਦਰਦ ਬਿਨਾ ਨਾ ਸੂਝ ਮਿਲੇ,
ਪਰ ਉਹ ਵੀ ਨੇ ਲੋਕ ਕਿ ਜਿਹੜੇ, ਦਰਦ ਹੰਢਾਉਂਦੇ ਕਦੇ ਨਹੀਂ।

ਜੁਗਨੂੰ ਰਾਤਾਂ ਨੂੰ ਚਮਕਣ ਤੇ ਸੂਰਜ ਦਿਨ ਦਾ ਮਾਣ ਬਣੇ,
ਕੁਝ ਲੋਕਾਂ ਨੂੰ ਨਾ ਸੂਰਜ, ਨਾ ਜੁਗਨੂੰ ਭਾਉਂਦੇ ਕਦੇ ਨਹੀਂ।

ਕਿਉਂ ਨਾ ਸੜੀਆਂ ਧੁੱਪਾਂ ਤਨ ਮਨ ਸਾੜਣ ਓਹਨਾਂ ਦਾ ਲੋਕੋ,
'ਪ੍ਰੀਤ' ਜੋ ਰੁੱਖ ਨੇ ਛਾਵਾਂ ਵਾਲੇ ਹੱਥੀਂ ਲਾਉਂਦੇ ਕਦੇ ਨਹੀਂ।

## ਮੇਰਾ ਦਿਲਬਰ

ਮੇਰਾ ਦਿਲਬਰ ਮੇਰੇ ਦਿਲ ਵਿੱਚ ਰਹਿੰਦਾ ਹੈ।
ਮੇਰੀ ਸੁਣਦਾ ਹੈ ਤੇ ਅਪਣੀ ਕਹਿੰਦਾ ਹੈ।

ਦੀਪ ਜਗਾਉਣਾ ਹੈ ਆਪਾਂ ਨੇ ਓਸੇ ਤੋਂ,
ਜਿਹੜਾ ਚਾਨਣ ਕੋਲੋਂ ਬੜਾ ਤ੍ਰਹਿੰਦਾ ਹੈ।

ਮੈਂ ਨਾ ਜਾਂਦੀ ਮੰਦਰ, ਮਸਜਿਦ ਗਿਰਜੇ ਵੀ,
ਮੇਰਾ ਰੱਬ ਤਾਂ ਮੇਰੇ ਦਿਲ ਵਿੱਚ ਰਹਿੰਦਾ ਹੈ।

ਮਨ ਦੇ ਅੰਦਰ ਹੁੰਦਾ ਸਾਗਰ ਨਿਸਚੇ ਹੀ,
ਖਾਰਾ ਪਾਣੀ ਤਾਹੀਓਂ ਨੈਣੋਂ ਵਹਿੰਦਾ ਹੈ।

ਅੱਜ ਕਲ੍ਹ ਬੰਦਾ ਹੀ ਬੰਦੇ ਨੂੰ ਹੈ ਖਾਂਦਾ,
ਆਦਮ-ਖ਼ੋਰ ਇਹ ਜਾਨਵਰਾਂ ਨੂੰ ਕਹਿੰਦਾ ਹੈ।

ਇਸ ਦੀ ਇੱਕੋ ਬੂੰਦ ਹੈ ਪਿਆਸ ਬੁਝਾ ਦੇਂਦੀ,
ਇਹ ਦਰਿਆ ਜੋ ਅੱਖੀਆਂ ਵਿੱਚੋਂ ਵਹਿੰਦਾ ਹੈ।

ਆਉਂਦੇ ਜਾਂਦੇ ਹਰ ਬੰਦੇ ਨੂੰ ਵੇਖ ਸਕੇ,
ਤਾਂ ਹੀ ਦਿਲਬਰ ਅੱਖੀਆਂ ਦੇ ਵਿੱਚ ਰਹਿੰਦਾ ਹੈ।

ਜਿੱਥੇ 'ਪ੍ਰੀਤ' ਦੀ ਕਲੀ ਖਿਲਾਰਦੀ ਹੈ ਖੁਸ਼ਬੂ;
ਇਹ ਭੰਵਰਾ ਬਸ ਉਸ ਟਹਿਣੀ ਤੇ ਬਹਿੰਦਾ ਹੈ।

# ਮੈਂ ਓਸੇ ਨੂੰ ਪਿਆਰ ਹਾਂ ਕਰਦੀ

ਮੈਂ ਓਸੇ ਨੂੰ ਪਿਆਰ ਹਾਂ ਕਰਦੀ।
ਜਿਸ ਤੇ ਕੁਝ ਇਤਬਾਰ ਹਾਂ ਕਰਦੀ।

ਉਹ ਚੰਨ, ਮੈਂ ਹਾਂ ਉਹਦੀ ਚਾਨਣੀ,
ਇਹ ਗੱਲ ਮੈਂ ਹਰ ਵਾਰ ਹਾਂ ਕਰਦੀ।

ਸੱਚ ਬੋਲਾਂ ਕਰ ਹੱਤਿਆ ਅਪਣੀ,
ਇਹ ਗੱਲ ਅੰਗੀਕਾਰ ਹਾਂ ਕਰਦੀ।

ਜਦ ਤੂੰ ਹੁੰਨੈਂ ਅੱਖੀਆਂ ਦੇ ਵਿੱਚ,
ਸਭ ਸੁਪਨੇ ਸਾਕਾਰ ਹਾਂ ਕਰਦੀ।

'ਪ੍ਰੀਤ' ਹਾਂ ਤੇਰੀ ਤੈਨੂੰ ਹੀ ਤਾਂ,
ਮੁੱਢ-ਕਦੀਮੋਂ ਪਿਆਰ ਹਾਂ ਕਰਦੀ।

## ਫੁੱਲਾਂ ਉਤੇ

ਫੁੱਲਾਂ ਉੱਤੇ ਬੱਸ ਤਿਤਲੀ ਨੇ ਆਉਣਾ ਹੈ।
ਭੌਰਾਂ ਤਾਈਂ ਵੇਖ ਕੇ ਵੀ ਸ਼ਰਮਾਉਣਾ ਹੈ।

ਕੋਇਲ ਦੀ ਵੀ ਤਾਂ ਬੱਸ ਹੈ ਮਜਬੂਰੀ ਇਹ,
ਇਸ ਮੌਸਮ ਵਿੱਚ ਬਿਰਹੋਂ ਰਾਗ ਅਲਾਉਣਾ ਹੈ।

ਝੂਠ ਦਾ ਕੱਜਣ ਜਿੰਨਾ ਵੱਡਾ ਹੋਵੇ ਪਰ,
ਪਰਦਾ, ਸੱਚ ਦੀ ਲੀਕ ਨੇ ਪਰ੍ਹਾਂ ਹਟਾਉਣਾ ਹੈ।

ਖੁਸ਼ੀਆਂ ਦੇ ਸਭ ਰਾਗ ਨੇ ਤਖਤਾਂ ਤਾਜਾਂ ਲਈ,
ਟੁੱਟੇ ਦਿਲ ਤਾਂ ਬਿਰਹੋਂ ਰਾਗ ਸੁਣਾਉਣਾ ਹੈ।

ਪੀੜ ਪਰਾਈ 'ਪ੍ਰੀਤ' ਨੂੰ ਦੇਂਦੀ ਹੈ ਜਿਹੜਾ,
ਦਰਦਾਂ ਦਾ ਇਹ ਤੋਹਫ਼ਾ ਸੀਨੇ ਲਾਉਣਾ ਹੈ।

# ਕਦੇ ਨਜ਼ਦੀਕ ਆ ਬਹਿੰਦੇ

ਕਦੇ ਨਜ਼ਦੀਕ ਆ ਬਹਿੰਦੇ ਕਦੇ ਉਹ ਦੂਰ ਰਹਿੰਦੇ ਨੇ।
ਗ਼ਜ਼ਲ ਦੇ ਸ਼ੇਅਰ ਅਪਣੇ ਆਪ ਵਿੱਚ ਮਸਰੂਰ ਰਹਿੰਦੇ ਨੇ।

ਭੁਲੇਖੇ ਵਿੱਚ ਨੇ ਝੱਖੜ ਤਬਾਹੀ ਕਰਕੇ ਆਏ ਜੋ,
ਉਹ ਕੀ ਜਾਣਨ ਕਿ ਲੋਕੀਂ ਹੌਸਲੇ ਭਰਪੂਰ ਰਹਿੰਦੇ ਨੇ।

ਜੋ ਕਰਦੇ ਇਸ਼ਕ ਰੂਹਾਂ ਤੋਂ ਪੁਜਾਰੀ ਇਸ਼ਕ ਦੇ ਓਹੀ,
ਤੇ ਸੋਹਲੇ ਇਸ਼ਕ ਦੇ ਗਾਉਂਦੇ ਹੋਏ ਮਸ਼ਹੂਰ ਰਹਿੰਦੇ ਨੇ।

ਇਹ ਦਿਲ ਦੇ ਜ਼ਖ਼ਮ ਲੈ ਕੇ ਵੱਖਰੀ ਦੁਨੀਆਂ ਵਸਾ ਅਪਣੀ,
ਜੋ ਸਹਿੰਦੇ ਸੱਟ ਬਿਰਹਾ ਦੀ ਉਹ ਨੂਰੋ-ਨੂਰ ਰਹਿੰਦੇ ਨੇ।

ਦਿਸੇ ਨਾ ਕਿਉਂ ਖ਼ੁਸ਼ੀ ਆਵੇ ਨਾ ਕਿਉਂ, ਆਵਾਜ਼ ਹਾਸੇ ਦੀ,
ਦਿਹਾੜੀ ਕਰਕੇ ਆਏ ਏਸ ਥਾਂ ਮਜ਼ਦੂਰ ਰਹਿੰਦੇ ਨੇ।

ਮੁਸਾਫਿਰ ਸੱਚ ਦੇ ਰਾਹ ਦੇ ਕਿਸੇ ਸੰਗ ਛਲ ਨਹੀਂ ਕਰਦੇ,
ਉਨ੍ਹਾਂ ਦੇ ਖ਼ੁਸ਼ੀਆਂ ਸੰਗ ਦਾਮਨ ਸਦਾ ਭਰਪੂਰ ਰਹਿੰਦੇ ਨੇ।

ਇਹ ਦੀਵਾ 'ਪ੍ਰੀਤ' ਦਾ ਤੂੰ ਆਪਣੀ ਰੂਹ ਵਿੱਚ ਜਗਾਇਆ ਹੈ,
ਤੇ ਇਸੇ ਵਾਸਤੇ ਜਜ਼ਬੇ ਤੇਰੇ ਮਖ਼ਮੂਰ ਰਹਿੰਦੇ ਨੇ।

## ਮੈਂ ਜਦ ਜਦ ਵੀ

ਮੈਂ ਜਦ ਜਦ ਵੀ ਲੰਮੀ ਨਜ਼ਰ ਦੁੜਾਈ ਸੀ।
ਜ਼ਿੰਦਗੀ ਦੀ ਅਸਲੀਅਤ ਨਜ਼ਰੀਂ ਆਈ ਸੀ।

ਮਹਿਫ਼ਲ ਵਿੱਚ ਸੀ ਬੈਠੇ ਮਨ ਪ੍ਰਚਾਵਣ ਨੂੰ,
ਪਰ ਤੇਰੇ ਬਿਨ ਉੱਥੇ ਵੀ ਤਨਹਾਈ ਸੀ।

ਵਾਟ ਹਿਜਰ ਦੀ ਲੰਮੀ, ਪੈਂਡਾ ਸੀ ਬਿਖੜਾ,
ਤੁਰਦੇ ਤੁਰਦੇ ਵਾਟ ਨਾ ਗਈ ਮੁਕਾਈ ਸੀ।

ਬਾਬਲ ਜਿਗਰਾ ਥੰਮ੍ਹ ਵਰਗਾ ਤਾਂ ਰੱਖਦਾ ਹੈ,
ਪਰ ਰੋਇਆ ਜਦ ਧੀ ਹੋ ਗਈ ਪਰਾਈ ਸੀ।

ਦੁਨੀਆਂ ਰੈਣ ਬਸੇਰਾ ਲੋਕੀਂ ਕਹਿੰਦੇ ਨੇ,
ਪਰ ਇਹ ਰੈਣ ਬਸੇਰਾ ਬਣੀ ਲੜਾਈ ਸੀ।

ਔਰਤ ਦਾ ਸਨਮਾਨ ਜ਼ਰੂਰੀ ਹੁੰਦਾ ਹੈ,
ਵਿਦਵਾਨਾਂ ਦਾ ਰੌਲਾ ਨਹੀਂ ਦੁਹਾਈ ਸੀ।

ਉਹਨੂੰ ਸੂਲੀ ਉੱਤੇ ਟੰਗਿਆ ਹਾਕਮ ਨੇ,
ਦੋਸ਼ ਓਸ ਦਾ ਬਸ ਉਸ ਦੀ ਸਚਿਆਈ ਸੀ।

ਯਾਦ ਤੇਰੀ ਨਾ ਭੁੱਲੀ ਪਾਰ ਸਮੁੰਦਰੋਂ ਵੀ,
ਮੇਰੇ ਲਈ ਤਾਂ ਸੱਜਣਾ ਇਹੋ ਕਮਾਈ ਸੀ।

'ਪ੍ਰੀਤ' ਨੇ ਵੇਖੀ ਜਦ ਬੇਕਦਰੀ ਧੀਆਂ ਦੀ,
ਉਹਦੇ ਨਾਲ ਹੀ ਕਲਮ ਉਹਦੀ ਸ਼ਰਮਾਈ ਸੀ।

## ਭਾਵੇਂ ਰਾਤ ਹਨੇਰੀ

ਭਾਵੇਂ ਰਾਤ ਹਨੇਰੀ ਸੀ।
ਇਕੋ ਰਿਸ਼ਮ ਬਥੇਰੀ ਸੀ।

ਮਹਿਫ਼ਲ ਵਿੱਚ ਜ਼ਿੰਦਗੀ ਧੜਕੀ,
ਤੇਰੇ ਆਉਣ ਦੀ ਦੇਰੀ ਸੀ।

ਪੌਂਡ ਤੇ ਡਾਲਰ ਕਿਥੋਂ ਆਏ,
ਅਮਰੀਕਾ ਦੀ ਫ਼ੇਰੀ ਸੀ।

ਵੱਢ ਟੁੱਕ ਦਿੱਤੀ ਤੂੰ ਸੱਜਣਾ,
ਮੇਰੀ ਉਮਰ ਬਥੇਰੀ ਸੀ।

ਅੱਜ ਵੀ 'ਪ੍ਰੀਤ' ਹੈ ਤੇਰੀ ਹੀ,
ਕੱਲ੍ਹ ਵੀ ਸੱਜਣਾ ਤੇਰੀ ਸੀ।

## ਦਿਲ ਦਾ ਦੁਖੜਾ ਫੋਲ ਕੇ

ਦਿਲ ਦਾ ਦੁਖੜਾ ਫੋਲ ਕੇ ਵੀ ਦਿਲ ਭਾਰਾ ਹੈ।
ਦੱਸੋ ਅੱਜ ਕੱਲ ਕਿਸ ਨੂੰ ਕਿਹਦਾ ਸਹਾਰਾ ਹੈ।

ਤੇਰੇ ਹਿਜਰ 'ਚ ਰਿਮਝਿਮ-ਰਿਮਝਿਮ ਵੇਖ ਜ਼ਰਾ,
ਸਾਗਰ ਮੇਰੇ ਨੈਣੋਂ ਵਹਿੰਦਾ ਖਾਰਾ ਹੈ।

ਚੰਨ ਨੇ ਮੈਥੋਂ ਪੁੱਛਿਆ ਤੇਰੀ ਬਾਬਤ ਜਦ,
ਤੁਰਤ ਕਿਹਾ ਕਿ ਮੇਰੀ ਜੀਵਨ ਧਾਰਾ ਹੈ।

ਸਤਿਗੁਰ ਦਾ ਉਪਦੇਸ਼, ਅਸੀਂ ਹਾਂ ਇੱਕ ਸਾਰੇ,
ਜਾਤਾਂ ਪਾਤਾਂ ਤਾਂ ਸ਼ੈਤਾਨ ਦਾ ਕਾਰਾ ਹੈ।

ਮਾਨਵਤਾ ਦਾ ਸੂਰਜ ਦਾਗ਼ੀ ਹੈ ਹੋਇਆ,
ਸੱਚ ਅੰਬਰ ਤੇ ਬੋਦੀ ਵਾਲਾ ਤਾਰਾ ਹੈ।

ਆ ਕੇ ਇਕ ਦਿਨ ਜਦ ਬੈਠੇਂਗਾ ਲਾਗੇ ਤੂੰ,
ਫਿਰ ਹੀ ਸੱਚ ਸਮਝਾਂਗੀ ਹਾਲੇ ਲਾਰਾ ਹੈ।

ਪਿਆਰ ਕੜੀ ਹੀ ਜੋੜੇ ਜੀਵਨ ਦੇ ਤਾਈਂ,
'ਪ੍ਰੀਤ' ਬਿਨਾਂ ਬੇਕਾਰ ਪਸਾਰਾ ਸਾਰਾ ਹੈ।

## ਜਦ ਵੀ ਠੰਡੀ 'ਵਾਅ ਦਾ ਬੁੱਲਾ

ਜਦ ਵੀ ਠੰਡੀ 'ਵਾਅ ਦਾ ਬੁੱਲਾ ਆ ਜਾਵੇ।
ਗਲ ਕੀ ਲੱਗੇ ਠੰਡ ਕਲੇਜੇ ਪਾ ਜਾਵੇ।

ਉਸ ਦੀ ਯਾਦ 'ਚ ਇਕ-ਇਕ ਖਾਰਾ ਹੰਝੂ ਵੀ,
ਗ਼ਮ ਉਮਰਾਂ ਦੇ ਝੋਲੀ ਦੇ ਵਿੱਚ ਪਾ ਜਾਵੇ।

ਮਾਰੂਥਲ ਦੇ ਵਾਂਗ ਮੇਰੀ ਤਨਹਾਈ ਹੈ,
ਪਤਾ ਨਹੀਂ ਕਦ ਝੱਖੜ ਮਨ ਤੇ ਛਾ ਜਾਵੇ।

ਸਾਵੀਂ ਸੁਧਰੀ ਤੁਰਦੀ ਜੀਵਨ ਨਦੀਆ ਵਿੱਚ,
ਦੁੱਖਾਂ ਦੀ ਇੱਕ ਲਹਿਰ ਹੀ ਦਿਲ ਦਹਿਲਾ ਜਾਵੇ।

ਮੁਸਕਾਉਂਦੀ ਨਾ ਫੁੱਲਾਂ ਵਾਂਗਰ 'ਪ੍ਰੀਤ' ਕਦੇ,
ਕਿਤੇ-ਭੁਲੇਖਾ ਭੰਵਰਾ ਨਾ ਕੋਈ ਖਾ ਜਾਵੇ।

## ਆ ਗਈ ਹੈ ਉਸ ਦੇ

ਆ ਗਈ ਹੈ ਉਸ ਦੇ ਆਵਣ ਦੀ ਖ਼ਬਰ।
ਇਸ਼ਕ ਦੇ ਕਿੱਸੇ ਸੁਣਾਵਣ ਦੀ ਖ਼ਬਰ।

ਉਪਜਦਾ ਤੇ ਬਿਨਸਦਾ ਹੈ ਬੁਲਬੁਲਾ,
ਕਹਿੰਦੇ ਇਸ ਨੂੰ ਆਵਣ ਜਾਵਣ ਦੀ ਖ਼ਬਰ।

ਹਾੜ ਦੀ ਲੂ ਸਾੜਦੀ, ਸੰਕੇਤ ਹੈ,
ਆਏਗੀ ਹੁਣ ਪੀਂਘ ਪਾਵਣ ਦੀ ਖ਼ਬਰ।

ਕਿਸ ਨੂੰ ਦੱਸਾਂਗੀ ਮੈਂ ਦਿਲ ਦਾ ਹਾਲ ਫ਼ਿਰ,
ਤੇਰੇ ਨਾਂ ਇਹ ਜਿੰਦ ਲਾਵਣ ਦੀ ਖ਼ਬਰ।

ਸਾਉਣ ਦੀ ਬਰਸਾਤ ਲੈ ਕੇ ਆਈ ਹੈ,
ਕੰਜਕਾਂ ਦੇ ਗੀਤ ਗਾਵਣ ਦੀ ਖ਼ਬਰ।

ਨੀਂਦ ਡੂੰਘੀ ਸੌਂ ਗਏ ਸਭ 'ਪ੍ਰੀਤ' ਗੀਤ,
ਆਏਗੀ ਇਕ ਦਿਨ ਜਗਾਵਣ ਦੀ ਖ਼ਬਰ।

# ਜਾਬਰ ਨੂੰ ਹੈ ਸਬਕ ਸਿਖਾਉਣਾ

ਜਾਬਰ ਨੂੰ ਹੈ ਸਬਕ ਸਿਖਾਉਣਾ ਚਾਹੀਦਾ।
ਉਸ ਨੂੰ ਸਿੱਧਾ ਰਾਹ ਦਿਖਲਾਉਣਾ ਚਾਹੀਦਾ।

ਝੜਦੇ ਪੱਤੇ ਰੁੱਖਾਂ ਦਾ ਸੰਕੇਤ ਇਹੋ,
ਰੱਬ ਰਜ਼ਾ ਵਿੱਚ ਸ਼ੁਕਰ ਮਨਾਉਣਾ ਚਾਹੀਦਾ।

ਬਹੁਤੀ ਦੇਰ ਨਾ ਸੱਜਣ ਰੁੱਸੇ ਰਹਿਣ ਦਿਓ,
ਰੁੱਸੇ ਨੂੰ ਹੈ ਤੁਰੰਤ ਮਨਾਉਣਾ ਚਾਹੀਦਾ।

ਵੇਖਣ ਨੂੰ ਤਾਂ ਹਰ ਅੱਖ ਵਿੱਚ ਅੱਥਰੂ ਫਿਰ ਵੀ,
ਰੋਂਦੇ ਤਾਈਂ ਤਾਂ ਚੁੱਪ ਕਰਾਉਣਾ ਚਾਹੀਦਾ।

ਬੰਦਾ ਭੁੱਲਣਹਾਰ ਹੈ, ਭੁੱਲਾਂ ਕਰਦਾ ਹੈ,
ਫਿਰ ਵੀ ਭੁੱਲਾਂ ਨੂੰ ਬਖ਼ਸ਼ਾਉਣਾ ਚਾਹੀਦਾ।

ਮਨ ਦੀ ਮੈਲ ਨੂੰ ਧੋਣਾ ਜੇਕਰ ਚਾਹੋ ਤਾਂ,
ਪਛਤਾਵੇ ਦਾ ਸਾਬਣ ਲਾਉਣਾ ਚਾਹੀਦਾ।

ਇਸ਼ਕ ਸਦਾ ਤੁਰਦਾ ਭਖਦੇ ਅੰਗਿਆਰਾਂ ਤੇ,
ਦੇ ਕੇ ਜਾਨ 'ਪ੍ਰੀਤ' ਨਿਭਾਉਣਾ ਚਾਹੀਦਾ।

## ਮੇਰੀ ਪਿਆਸ ਨੂੰ

ਮੇਰੀ ਪਿਆਸ ਨੂੰ ਕੋਈ ਸਾਗਰ ਨਾ ਮਿਲਿਆ।
ਜੋ ਡੁੱਬਣਾ ਸਿਖਾਂਦਾ ਉਹ ਪੱਥਰ ਨਾ ਮਿਲਿਆ।

ਮੈਂ ਚਾਹੇ ਤਾਂ ਦੋਨੋਂ ਸੀ ਮੰਜ਼ਿਲ ਤੇ ਰਹਿਬਰ,
ਮਿਲੀ ਆਣ ਮੰਜ਼ਿਲ ਸੀ, ਰਹਿਬਰ ਨਾ ਮਿਲਿਆ।

ਖ਼ਤਾਅ ਹੀ ਨਾ ਬਖਸ਼ੀ ਗਈ ਉਸ ਤੋਂ ਮੇਰੀ,
ਜੋ ਮਿਲਣਾ ਸੀ ਉਹ ਵੀ ਮੁਕੱਦਰ ਨਾ ਮਿਲਿਆ।

ਮੈਂ ਸੁਣਿਆ ਸੀ ਹੈ ਦਿਲ ਬੜਾ ਨਰਮ ਤੇਰਾ,
ਮਗਰ ਸਖ਼ਤ ਇਸ ਤੋਂ ਤਾਂ ਪੱਥਰ ਨਾ ਮਿਲਿਆ।

ਮੈਂ ਚਾਹਿਆ ਤਾਂ ਸੀ ਪੀੜ ਅਪਣੀ ਕਹਾਂ ਪਰ,
ਇਹਦੇ ਹਾਣ ਦਾ 'ਪ੍ਰੀਤ' ਅੱਖਰ ਨਾ ਮਿਲਿਆ।

## ਮੇਰੇ ਬੋਲਾਂ

ਮੇਰੇ ਬੋਲਾਂ ਧੁੰਮਾਂ ਪਾਉਂਦੇ ਰਹਿਣਾ।
ਲੋਕਾਂ ਤਾਈਂ ਰਾਹ ਵਿਖਾਉਂਦੇ ਰਹਿਣਾ।

ਪਾਸਾ ਵੱਟ ਕੇ ਲੰਘ ਜਾ ਸਾਡੇ ਕੋਲੋਂ,
ਆਪਾਂ ਤੈਨੂੰ ਫਿਰ ਵੀ ਚਾਹੁੰਦੇ ਰਹਿਣਾ।

ਮਨ-ਸਾਗਰ ਵਿੱਚ ਲਹਿਰਾਂ ਪਾਉਣਾ ਖੋਰੂ;
ਸੋਚਾਂ ਨੇ ਕੁੰਡਾ ਖੜਕਾਉਂਦੇ ਰਹਿਣਾ।

ਸਸਤੀ ਸ਼ੋਹਰਤ ਬੰਦੇ ਤੋਂ ਹਰ ਵੇਲੇ,
ਪੁੱਠੇ ਸਿੱਧੇ ਕੰਮ ਕਰਾਉਂਦੇ ਰਹਿਣਾ।

ਜੀਵਨ ਮਿੱਠਾ ਨਗ਼ਮਾ ਵੀ ਨਾ ਹੋਵੇ,
ਮੈਂ ਤਾਂ ਇਸ ਨੂੰ ਫਿਰ ਵੀ ਗਾਉਂਦੇ ਰਹਿਣਾ।

ਹਾਕਮ ਜੇਕਰ ਬਾਬਰ ਤਾਂ ਆਪਾਂ ਵੀ,
ਨਾਨਕ ਦਾ ਉਪਦੇਸ਼ ਸੁਣਾਉਂਦੇ ਰਹਿਣਾ।

ਬਣ ਜਾਣੇ ਨੇ ਇੱਕ ਹਕੀਕਤ ਇੱਕ ਦਿਨ,
ਖ਼ਾਬਾਂ ਦੇ ਇਹ ਮਹਿਲ ਬਣਾਉਂਦੇ ਰਹਿਣਾ।

ਤਿਤਲੀ ਸਮਝੇ ਮੈਨੂੰ ਪਏ ਬੁਲਾਉਂਦੇ,
'ਪ੍ਰੀਤ' ਇਸੇ ਲਈ ਬੁੱਲ੍ਹ ਹਿਲਾਉਂਦੇ ਰਹਿਣਾ।

# ਸੁਣ ਤੇਰੀ ਕਨਸੋਅ

ਸੁਣ ਤੇਰੀ ਕਨਸੋਅ ਵੇ ਸੱਜਣਾ।
ਕੌਣ ਸਕੇ ਦਰ ਢੋਅ ਵੇ ਸੱਜਣਾ।

ਨੈਣਾਂ ਦੇ ਵਿੱਚ ਨਿਸਦਿਨ ਝਲਕੇ,
ਪਿਆਰ ਤੇਰੇ ਦੀ ਲੋਅ ਵੇ ਸੱਜਣਾ।

ਜੇ ਰੂਹ ਰਮਜ਼ਾਂ ਸਮਝਣੀਆਂ ਤਾਂ,
ਹੋ ਕੇ ਕੋਲ ਖਲੋ ਵੇ ਸੱਜਣਾ।

ਯਾਦਾਂ ਦੀ ਚੁੰਨੀ ਲੜ ਬੱਝੀ,
ਤੇਰੀ ਹੀ ਖੁਸ਼ਬੋ ਵੇ ਸੱਜਣਾ।

ਮਿੱਟੀ-ਆਸ ਅਜੇ ਵੀ ਗਿੱਲੀ,
ਮਨ ਰੀਝਾਂ ਨੂੰ ਗੋਅ ਵੇ ਸੱਜਣਾ।

ਭੁੱਲ ਜਾਂ ਤੈਨੂੰ ਸਾੜ ਦਿਆਂ ਖ਼ਤ,
ਇਹ ਨਾ ਸਕਣਾ ਹੋ ਵੇ ਸੱਜਣਾ।

ਜਦ ਵੀ ਤੇਰੀ ਯਾਦ ਸਤਾਵੇ,
'ਪ੍ਰੀਤ' ਹੈ ਪੈਂਦੀ ਰੋ ਵੇ ਸੱਜਣਾ।

## ਮੇਰਾ ਦਿਲ

ਦਿਲ ਮੇਰਾ ਮਹਿਕੀ ਗੁਲਜ਼ਾਰ ਬਣਾ ਜਾਵੀਂ।
ਪੱਤਝੜ ਮੇਰੀ ਸਦਾ-ਬਹਾਰ ਬਣਾ ਜਾਵੀਂ।

ਮਿੱਠੇ ਬੋਲ ਤਾਂ ਕੋਮਲ ਕਲੀਆਂ ਵਾਂਗਰ ਨੇ,
ਚੁਣ ਚੁਣ ਕੋਮਲ ਕਲੀਆਂ ਹਾਰ ਬਣਾ ਜਾਵੀਂ।

ਪਾਰ ਲਗਾ ਲਾਂਗੀ ਮੈਂ ਆਪਣੀ ਬੇੜੀ ਖ਼ੁਦ,
ਮੇਰੇ ਹੱਥਾਂ ਨੂੰ ਪਤਵਾਰ ਬਣਾ ਜਾਵੀਂ।

ਅਪਣੀ ਪੂਜਾ ਆਪ ਕਰਾਂਗੀ ਆਪੇ ਮੈਂ,
ਮੇਰੀ ਪੂਜਣ ਯੋਗ ਨੁਹਾਰ ਬਣਾ ਜਾਵੀਂ।

ਉਸ ਨੂੰ ਸਿਰਫ਼ ਉਦਾਸੀ ਵੇਲੇ ਵੇਖਾਂਗੀ,
ਕੋਈ ਨਿਸ਼ਾਨੀ ਜਮੁਨਾ ਪਾਰ ਬਣਾ ਜਾਵੀਂ।

ਜਾਬਰ ਨੂੰ ਵੀ ਤਾਂ ਮੈਂ ਸਬਕ ਸਿਖਾਉਣਾ ਹੈ,
ਮੇਰੀਆਂ ਬਾਂਹਵਾਂ ਨੂੰ ਤਲਵਾਰ ਬਣਾ ਜਾਵੀਂ।

ਬਹੁਮੁੱਲੇ ਮੋਤੀ ਇਹ 'ਪ੍ਰੀਤ' ਨੇ ਹੰਝੂਆਂ ਦੇ,
ਇਹਨਾਂ ਤਾਈਂ ਪਰੋ ਕੇ ਹਾਰ ਬਣਾ ਜਾਵੀਂ।

# ਮੈਂ ਤਾਂ ਅੰਦਰੋ ਅੰਦਰੀ

ਮੈਂ ਤਾਂ ਅੰਦਰੋ ਅੰਦਰੀ ਭੁਰਦੇ ਵੇਖੇ ਨੇ ਇਨਸਾਨ।
ਬਾਹਰੋਂ ਬਾਗ਼ ਬਗੀਚੇ ਵਰਗੇ ਅੰਦਰੋਂ ਕਬਰਿਸਤਾਨ।

ਰੱਜ ਰੱਜ ਮਾਣੋ ਰੰਗ ਨਜ਼ਾਰੇ ਫੁੱਲਾਂ ਦੀ ਖੁਸ਼ਬੋ,
ਮੇਰੇ ਦਿਲ ਵਿੱਚ ਖੌਲ ਰਹੇ ਪਰ ਝੱਖੜ ਤੇ ਤੂਫ਼ਾਨ।

ਮੈਂ ਉਸ ਬਾਗ ਦੇ ਦਰਸ਼ਨ ਕੀਤੇ ਤੱਕਿਆ ਹੈ ਉਹ ਖੂਹ,
ਲੱਗੇ ਗੋਲੀਆਂ ਦੇ ਵੀ ਵੇਖੇ ਕੰਧਾਂ ਵਿੱਚ ਨਿਸ਼ਾਨ।

ਟੈਸਟ ਟਿਊਬਾਂ ਨੇ ਤਾਂ ਭਾਵੇਂ ਬੰਨ੍ਹ ਲਈ ਹੈ ਕੁਦਰਤ,
ਜੋੜੇ ਹਾਲੇ ਵੀ ਪਰ ਲੱਖਾਂ ਦੇਖੇ ਨਿਰ-ਸੰਤਾਨ।

ਮਸ਼ਹੂਰੀ ਲਈ ਪੁੰਨ ਤੇ ਸੇਵਾ ਨਿਰਾ ਦਿਖਾਵਾ ਕਰਦੇ,
ਐਪਰ ਦੇਖੇ ਲੋਕਾਂ ਦੇ ਨਾ ਦਰਦੀ ਇਹ ਇਨਸਾਨ।

ਵੱਸਦੇ ਘਰ ਹੀ ਹੋਣ ਰੌਣਕਾਂ ਘਰ ਹੁੰਦੇ ਉਹ ਅਸਲੀ,
'ਪ੍ਰੀਤ' ਬਿਨਾਂ ਕੀ ਘਰ ਹੁੰਦੇ ਨੇ ਹੁੰਦੇ ਨਿਰੇ ਮਕਾਨ।

## ਜਿਨ੍ਹਾਂ ਕਰਨਾ ਕਮਾਲ

ਜਿਨ੍ਹਾਂ ਕਰਨਾ ਕਮਾਲ ਉਹ ਕਮਾਲ ਕਰੀ ਜਾਂਦੇ।
ਜਿਨ੍ਹਾਂ ਕੁਝ ਵੀ ਨਾ ਕਰਨਾ ਸਵਾਲ ਕਰੀ ਜਾਂਦੇ।

ਉਹਦੇ ਆਉਣ ਦੀ ਉਡੀਕ ਵਿੱਚ ਗੁਜ਼ਰੀ ਹਯਾਤ,
ਉਹਦੇ ਆਉਣ ਦੇ ਹੀ ਪਲ ਨੇ ਨਿਢਾਲ ਕਰੀ ਜਾਂਦੇ।

ਇਹਨਾਂ ਲੀਡਰਾਂ ਨੇ ਦੇਸ਼ ਨੂੰ ਸੀ ਕਰਨਾ ਖੁਸ਼ਹਾਲ,
ਹੋਇਆ ਕਹਿਰ ਇਹ ਤਾਂ ਹੋਰ ਵੀ ਕੰਗਾਲ ਕਰੀ ਜਾਂਦੇ।

ਕਰੀ ਜਾਂਦੇ ਨੇ ਮਿਲਾਵਟਾਂ ਗਿਰਾਵਟਾਂ ਦੇ ਕੰਮ,
ਦੁੱਧ ਜ਼ਹਿਰ ਨੇ ਮਿਲਾਵਟਾਂ ਦੇ ਨਾਲ ਕਰੀ ਜਾਂਦੇ।

ਕੰਮਕਾਰ ਨੇ ਇਹ ਲੋਕਾਂ ਦੇ ਉਜਾੜੀ ਜਾਂਦੇ ਨੇਤਾ,
ਕਾਰੋਬਾਰ ਸਾਰੇ ਆਪਣੇ ਵਿਸ਼ਾਲ ਕਰੀ ਜਾਂਦੇ।

ਕੀ ਲੋੜ ਉਹਨਾਂ ਤਾਈਂ ਕਰਨ ਦੂਜੇ ਦਾ ਖ਼ਿਆਲ,
ਨੇਤਾ ਆਪਣੇ ਹੀ ਆਪ ਦਾ ਖਿਆਲ ਕਰੀ ਜਾਂਦੇ।

ਜਿਨ੍ਹਾਂ ਹੱਸ ਕੇ ਹੈ ਜੀਣਾ, ਜੀਵੀ ਜਾਂਦੇ ਨੇ 'ਪ੍ਰੀਤ',
ਜਿਨ੍ਹਾਂ ਰੋਣਾ ਰੋਈ ਜਾਂਦੇ ਤੇ ਮਲਾਲ ਕਰੀ ਜਾਂਦੇ।

## ਹੁੰਦੇ ਨੇ ਬੇ-ਵਸੀਲਾ

ਹੁੰਦੇ ਨੇ ਬੇ-ਵਸੀਲਾ, ਜੋ ਤੋੜਦੇ ਨਾ ਤੀਲਾ।
ਤੱਕਦੇ ਨੇ ਦੂਜਿਆਂ ਵੱਲ ਕਰਦੇ ਨਾ ਆਪ ਹੀਲਾ।

ਦੂਜੇ ਨੂੰ ਆਖੇ ਮੂਰਖ, ਆਖੇ ਸਿਆਣਾ ਖ਼ੁਦ ਨੂੰ,
ਉਹ ਝੂਠਿਆਂ ਦਾ ਝੂਠਾ ਬੰਦਾ ਹੈ ਬੇ-ਦਲੀਲਾ।

ਸੂਰਜ ਦੇ ਵਾਂਗ ਮੁੱਖੜਾ ਤੇਰਾ ਹੀ ਚਮਕਦਾ ਹੈ,
ਜਲਵਾ ਹੈ ਸਾਰੇ ਦਾ ਹੀ ਸਾਰਾ ਤੇਰਾ ਨਸ਼ੀਲਾ।

ਵੇਖੀਂ ਇਹ ਦਿਲ ਨਾ ਤੋੜੀਂ ਨ ਮੁੱਖ ਮੈਥੋਂ ਮੋੜੀਂ,
ਕਿਰ ਜਾਂ ਗੀ ਰੇਤ ਵਾਂਗੂ, ਖਿਲਰਾਂਗੀ ਤੀਲਾ-ਤੀਲਾ।

ਖ਼ੁਸ਼ੀਆਂ ਤਾਂ ਆਉਂਦੀਆਂ ਨੇ ਭੁੱਲੀਆਂ ਤੇ ਭਟਕੀਆਂ ਹੀ,
ਆਉਂਦੇ ਨੇ ਗ਼ਮ ਤਾਂ ਆਉਂਦੇ ਲੈ ਨਾਲ ਹੀ ਕਬੀਲਾ।

ਮਰਜ਼ੀ ਉਹਦੀ ਤੇ ਮੇਰੀ ਜਦ 'ਪ੍ਰੀਤ' ਹੋਈ ਪੱਕੀ,
ਕੁਝ ਵੀ ਨਾ ਕਰ ਸਕੇਂਗਾ ਓ ਭੋਲਿਆ ਵਕੀਲਾ!

# ਵਿਖਾਉਂਦੇ ਮੰਜ਼ਿਲਾਂ ਜਿਹੜੇ

ਵਿਖਾਉਂਦੇ ਮੰਜ਼ਿਲਾਂ ਜਿਹੜੇ ਸਿਤਾਰੇ ਹੋਰ ਹੁੰਦੇ ਨੇ।
ਨਜ਼ਰ ਨੂੰ ਦੇਣ ਜੋ ਸੁਪਨੇ ਨਜ਼ਾਰੇ ਹੋਰ ਹੁੰਦੇ ਨੇ।

ਬੜੇ ਜੋਗੀ ਨੇ ਦਰ-ਦਰ ਤੇ ਜਗਾਉਂਦੇ ਅਲਖ ਜੋ ਆ ਕੇ,
ਤੇ ਜਿਹੜੇ ਭਾਲਦੇ ਜੋਗੀ ਦੁਆਰੇ ਹੋਰ ਹੁੰਦੇ ਨੇ।

ਉਹਦਾ ਕੰਗਣਾ, ਉਹਦਾ ਸੰਗਣਾ ਵੀ ਕਿੰਨਾ ਕਹਿਰ ਕਰਦਾ ਹੈ,
ਉਹਦੀ ਜਦ ਬਾਤ ਪੈਂਦੀ ਤਾਂ ਹੁੰਗਾਰੇ ਹੋਰ ਹੁੰਦੇ ਨੇ।

ਉਨ੍ਹਾਂ ਨੇ ਕੱਚੀਆਂ ਇੱਟਾਂ ਦੇ ਸੰਗ ਕੋਠਾ ਬਣਾਇਆ ਹੈ,
ਜੋ ਪਾਉਂਦੇ ਛੱਤ ਮੁਹੱਬਤ ਦੀ, ਪਿਆਰੇ ਹੋਰ ਹੁੰਦੇ ਨੇ।

ਨਦੀ ਦਾ ਵਹਿਣ ਉਸ ਦੀ ਹੋਂਦ ਨੂੰ ਪ੍ਰਣਾਮ ਕਰਦਾ ਹੈ,
ਜੋ ਸਮਝਣ ਏਸ ਗੱਲ ਨੂੰ ਉਹ ਕਿਨਾਰੇ ਹੋਰ ਹੁੰਦੇ ਨੇ।

ਮੈਂ ਅਪਣੇ ਹਾਣ ਦੇ ਪਿੱਪਲ ਤੇ ਪਾਇਆ 'ਪ੍ਰੀਤ' ਦਾ ਝੂਲਾ,
ਜੋ ਲੈ ਜਾਂਦੇ ਨੇ ਅਰਸ਼ਾਂ ਤੇ ਹੁਲਾਰੇ ਹੋਰ ਹੁੰਦੇ ਨੇ।

# ਠੰਡੀ 'ਵਾਅ ਦਾ ਬੁੱਲਾ

ਠੰਡੀ 'ਵਾਅ ਦਾ ਬੁੱਲਾ ਬਣ ਕੇ ਆ ਜਾਇਆ ਕਰ।
ਮੇਰੇ ਦਿਲ ਦੇ ਵਿਹੜੇ ਫੇਰਾ ਪਾ ਜਾਇਆ ਕਰ।

ਹੁਸਨ ਇਸ਼ਕ ਦੀ ਗੱਲ ਤੁਰੇਗੀ ਤੇਰੀ ਮੇਰੀ,
ਸੱਚਾ ਵਾਅਦਾ ਝੋਲੀ ਦੇ ਵਿੱਚ ਪਾ ਜਾਇਆ ਕਰ।

ਅੱਗ ਹਿਜਰ ਦੀ ਲੂਹ ਸੁੱਟਣਾ ਹੈ ਮੈਨੂੰ ਸੱਜਣਾ,
ਘਟਾ ਸਾਉਣ ਦੀ ਬਣ ਕੇ ਦਿਲ ਤੇ ਛਾ ਜਾਇਆ ਕਰ।

ਹੀਰ ਤੇਰੀ ਹਾਰੀ ਹੈ ਸਦਾ ਉਡੀਕਾਂ ਕਰ-ਕਰ,
ਰਾਂਝਣ ਬਣ ਕੇ ਬੇਲੇ ਚੂਰੀ ਖਾ ਜਾਇਆ ਕਰ।

'ਪ੍ਰੀਤ' ਦੀਆਂ ਗੱਲਾਂ ਤਾਂ ਸੱਥ ਵਿੱਚ ਹੋਣੀਆਂ ਹੀ ਨੇ,
ਲੋਕ ਲਾਜ ਤੋਂ ਐਪਰ ਡਰ ਨਾ ਤੂੰ ਜਾਇਆ ਕਰ।

# ਓਹੀ ਬੰਦੇ

ਓਹੀ ਬੰਦੇ ਕਿਸਮਤ ਵਾਲੇ ਹੁੰਦੇ ਨੇ।
ਜਿਹਨਾਂ ਸੋਹਣੇ ਸੁਪਨੇ ਪਾਲੇ ਹੁੰਦੇ ਨੇ।

ਵੱਸਦੇ ਰੱਸਦੇ ਘਰਾਂ 'ਚ ਹੁੰਦੀ ਏ ਰੌਣਕ,
ਬੰਦ ਘਰਾਂ ਵਿੱਚ ਕੇਵਲ ਜਾਲੇ ਹੁੰਦੇ ਨੇ।

ਸੱਚ ਦੇ ਰਾਹ ਤੇ ਨੰਗੇ ਪੈਰੀਂ ਤੁਰਦੇ ਜੋ,
ਰਸਤੇ ਓਹਨਾਂ ਦੇਖੇ ਭਾਲੇ ਹੁੰਦੇ ਨੇ।

ਬਾਹਰੋਂ ਦੁੱਧ ਦਹੀਂ ਸੰਗ ਧੋਤੇ ਲੱਗਦੇ ਜੋ,
ਓਹੀ ਅੰਦਰੋਂ ਮਨ ਦੇ ਕਾਲੇ ਹੁੰਦੇ ਨੇ।

ਸੌਣ ਕਿਵੇਂ ਉਹ 'ਪ੍ਰੀਤ' ਜਿਨ੍ਹਾਂ ਨੇ ਅੱਖਾਂ ਨੂੰ,
ਸੁਪਨੇ ਹੁੰਦੜ ਹੇਲ ਵਿਖਾਲੇ ਹੁੰਦੇ ਨੇ।

# ਨੈਣ ਭਰਦੇ ਰਹੇ

ਨੈਣ ਭਰਦੇ ਰਹੇ, ਰੂਹ ਤੜਪਦੀ ਰਹੀ।
ਮੇਰੀ ਸਾਹਾਂ ਦੀ ਪੂੰਜੀ ਸੀ ਘੱਟਦੀ ਰਹੀ।

ਸਿੱਪ ਤਰਸੇ ਜਿਉਂ ਸੁਆਂਤੀ ਦੀ ਇਕ ਬੂੰਦ ਨੂੰ,
ਰੂਹ ਤੈਨੂੰ ਮਿਲਣ ਲਈ ਤਰਸਦੀ ਰਹੀ।

ਇਸ਼ਕ ਦੀ ਵੇਦਨਾ; ਉਹਦੇ ਅੰਗ ਸੰਗ ਰਹੀ,
ਆਪ ਸੱਸੀ ਥਲਾਂ ਵਿੱਚ ਭਟਕਦੀ ਰਹੀ।

ਉਹ ਸ਼ਿਕਾਰੀ ਵੀ ਜ਼ਾਲਿਮ ਸੀ, ਬੇਦਰਦ ਸੀ,
ਘੁੱਗੀ ਵਿੱਚ ਜਾਲ ਦੇ ਹੀ ਤੜਫਦੀ ਰਹੀ।

ਪੈਰ ਨੰਗੇ ਸੀ ਪੈਸੇ ਦੀ ਇਸ ਦੌੜ ਵਿੱਚ,
ਤਪਦੇ ਥਲ ਤੇ ਜਵਾਨੀ ਭਟਕਦੀ ਰਹੀ।

ਮੈਂ ਤਾਂ ਚਾਹਿਆ ਸੀ ਉਹ ਸੱਚ-ਸੱਚ ਹੀ ਕਹੇ,
ਪਰ ਜ਼ੁਬਾਂ ਉਸ ਦੀ ਹਰ ਥਾਂ ਅਟਕਦੀ ਰਹੀ।

'ਪ੍ਰੀਤ' ਜੀਵਨ ਦਾ ਇਹ ਦੌਰ ਸੀਗਾ ਅਜਬ,
ਭੌਰਿਆਂ ਸੰਗ ਤਿੱਤਲੀ ਵੀ ਨੱਚਦੀ ਰਹੀ।

# ਨਿਗਾਹ ਉਸ ਦੀ

ਨਿਗਾਹ ਉਸ ਦੀ ਮੇਰਾ ਸੀਨਾ ਠਾਰਦੀ।
ਮਿਹਰਬਾਨੀ ਹੈ ਮੇਰੇ ਦਿਲਦਾਰ ਦੀ।

ਜ਼ਿੰਦਗੀ ਨੂੰ ਲੋੜ ਯਾਰੋ ਪਿਆਰ ਦੀ।
ਗੱਲ ਕਰੇ ਦੁਨੀਆਂ ਮਗਰ ਇਨਕਾਰ ਦੀ।

ਮਹਿਲ ਇਹ ਤੈਨੂੰ ਮੁਬਾਰਕ ਦੋਸਤਾ,
ਪਰ ਮੇਰੇ ਲਈ ਸੁਰਗ ਬੁੱਕਲ ਯਾਰ ਦੀ।

ਮਨ ਮੇਰੇ ਦੇ ਮਹਿਰਮਾ ਹੁਣ ਆ ਵੀ ਜਾ,
ਪ੍ਰੀਤ ਤੇਰੀ ਤੈਨੂੰ ਵਾਜਾਂ ਮਾਰਦੀ।

ਫਿਰ ਰਹੀ ਹੈ ਭਾਲਦੀ ਤੈਨੂੰ 'ਪ੍ਰੀਤ',
ਸਿਰ ਤੇ ਚੁੰਨੀ ਲੈ ਤੇਰੇ ਇਕਰਾਰ ਦੀ।

## ਤਮਾਸ਼ਾ ਏਸ ਦੁਨੀਆਂ ਵਿੱਚ

ਤਮਾਸ਼ਾ ਏਸ ਦੁਨੀਆਂ ਵਿੱਚ ਸਵੇਰੇ ਸ਼ਾਮ ਹੁੰਦਾ ਹੈ।
ਕੁਫਰ ਨੂੰ ਮਾਣ ਮਿਲਦਾ ਸੱਚ ਹੀ ਬਦਨਾਮ ਹੁੰਦਾ ਹੈ।

ਜਦੋਂ ਵੀ ਰੁੱਤ ਬਦਲਦੀ ਹੈ, ਬਦਲ ਜਾਂਦੇ ਨੇ ਪਰਛਾਵੇਂ,
ਜੇ ਹੁੰਦਾ ਹੈ ਤਾਂ ਅੰਦਰੋ ਅੰਦਰੀ ਕੁਹਰਾਮ ਹੁੰਦਾ ਹੈ।

ਮੇਰੀ ਤਪਦੀ ਹਯਾਤੀ ਨੂੰ ਤੇਰੇ ਲਫ਼ਜ਼ਾਂ ਦੀ  ਹੈ ਠੰਡਕ,
ਤੇਰੇ ਲਫ਼ਜ਼ਾਂ ’ਚ ਮੇਰੀ ਰੂਹ ਦਾ ਵਿਸ਼ਰਾਮ ਹੁੰਦਾ ਹੈ।

ਇਹ ਬੰਦਾ ਓਪਰੀ ਨਜ਼ਰੇ ਇਸੇ ਲਈ ਸ਼ਾਂਤ ਹੈ ਦਿਸਦਾ,
ਕਿ ਬੇ-ਆਰਾਮੀਆਂ ਅੰਦਰ ਬੜਾ ਆਰਾਮ ਹੁੰਦਾ ਹੈ।

ਨਾ ਜੋਤਿਸ਼ ਰਾਸ਼ੀਆਂ ਦਾ ਕੰਮ ਹੈ ਇਹ ਤਾਂ ਪ੍ਰੋਹਿਤ ਜੀ,
ਕਿ ਔਗੁਣ ਤੋਂ ਬਣੇ ਰਾਵਣ, ਗੁਣਾਂ ਤੋਂ ਰਾਮ ਹੁੰਦਾ ਹੈ।

ਬੜਾ ਮੁਸ਼ਕਿਲ ਜਿਹਾ ਲੱਗਦਾ ਹੈ ਤਿੜਕੇ ਖ਼ਾਬ ਦਾ ਜੁੜਨਾ,
ਦਿਸੇ ਜੋ ਤਿੜਕ ਕੇ ਸਾਬਤ ਉਹੀ ਬਲਰਾਮ ਹੁੰਦਾ ਹੈ।

ਨਹੀਂ ਮਤਲਾਅ ਗ਼ਜ਼ਲ ਦਾ ਇਹ, ਤੇ ਨਾ ਹੀ ਗੀਤ ਦਾ ਮੁਖੜਾ,
ਕਿ ਇਹ ਤਾਂ ਮਨ ਦੀਆਂ ਰੀਝਾਂ ਦਾ ਹੀ ਪੈਗ਼ਾਮ ਹੁੰਦਾ ਹੈ।

ਕਿਸੇ ਨੂੰ ਕੀ ਪਤਾ ਕੀ ਬੀਤਦੀ ਹੈ 'ਪ੍ਰੀਤ' ਦੇ ਦਿਲ 'ਤੇ,
ਸਰੇ ਬਾਜ਼ਾਰ ਕਿਧਰੇ ਹੁਸਨ ਜਦ ਨੀਲਾਮ ਹੁੰਦਾ ਹੈ।

# ਦਰਦ ਮੇਰਾ ਸੁਣਦਿਆਂ ਹੀ

ਦਰਦ ਮੇਰਾ ਸੁਣਦਿਆਂ ਹੀ ਰਾਤ ਪੱਥਰ ਹੋ ਗਈ।
ਚੀਕ ਦਿਲ ਦੀ ਸੁਣ ਕੇ ਕਾਇਨਾਤ ਪੱਥਰ ਹੋ ਗਈ।

ਪੱਥਰਾਂ ਦੇ ਬੁੱਤ ਵਰਗੇ ਲੋਕ ਸਨ ਪੱਥਰ ਜਿਹੇ,
ਪੱਥਰਾਂ ਦੇ ਸ਼ਹਿਰ ਵਿੱਚ ਹਰ ਬਾਤ ਪੱਥਰ ਹੋ ਗਈ।

ਲਾਲ ਸਾਲੂ ਹੋ ਗਿਆ ਜਦ ਦਾਜ ਦੇ ਹਵਨਾਂ ਦੀ ਭੇਂਟ,
ਵੇਖ ਕੇ ਕਿਉਂ ਨ ਖ਼ੁਦਾ ਦੀ ਜ਼ਾਤ ਪੱਥਰ ਹੋ ਗਈ।

ਸੋਚ ਜ਼ਖ਼ਮੀ ਹੋ ਗਈ ਚੱਲੀ ਹਵਾ ਕੁਝ ਇਸ ਤਰ੍ਹਾਂ,
ਆਦਮੀ ਦੀ ਜ਼ਾਤ ਤੇ ਔਕਾਤ ਪੱਥਰ ਹੋ ਗਈ।

'ਪ੍ਰੀਤ' ਅਪਣੀ ਪੀੜ ਦੇ ਗਲ ਲੱਗ ਕੇ ਰੋਈ ਰਾਤ ਭਰ,
ਰਾਤ ਢਲਦੇ ਸਾਰ ਹੀ ਪ੍ਰਭਾਤ ਪੱਥਰ ਹੋ ਗਈ।

## ਸੱਚੇ ਸੁੱਚੇ ਦਿਲ ਵਾਲੇ

ਸੱਚੇ ਸੁੱਚੇ ਦਿਲ ਵਾਲੇ ਇਨਸਾਨ ਕਹਾਉਂਦੇ ਨੇ।
ਚੰਗੇ ਗੁਣ ਹੀ ਕੁਦਰਤ ਦਾ ਗੁਣ-ਗਾਨ ਕਹਾਉਂਦੇ ਨੇ।

ਅਪਣੇ ਫ਼ਰਜ਼ਾਂ ਤੋਂ ਜੋ ਗਾਫ਼ਿਲ ਹੋ ਜਾਂਦੇ ਨੇ ਉਹ,
ਰੂਪ ਤਾਂ ਬੰਦੇ ਦਾ ਹੈ ਪਰ ਸ਼ੈਤਾਨ ਕਹਾਉਂਦੇ ਨੇ।

ਚੁੱਪ ਦੀ ਬੋਲੀ ਅਪਣੇ ਆਪ 'ਚ ਭਾਸ਼ਾ ਹੈ ਜੇਕਰ,
ਕੌੜੇ ਸ਼ਬਦ ਵੀ ਮਾਣ ਨਹੀਂ ਅਪਮਾਨ ਕਹਾਉਂਦੇ ਨੇ।

ਦੌਲਤ, ਸ਼ੋਹਰਤ, ਪੈਸਾ ਹੈ ਕਮਜ਼ੋਰੀ ਬੰਦੇ ਦੀ,
ਫਿਰ ਵੀ ਏਹੋ ਬੰਦੇ ਦੀ ਪਹਿਚਾਨ ਕਹਾਉਂਦੇ ਨੇ।

ਅੱਥਰੂਆਂ ਦੇ ਦਾਣੇ ਬੀਜਣ ਸਿੰਜਣ ਲਹੂ ਦੇ ਨਾਲ,
ਆਸ਼ਕ ਇਸ਼ਕ ਦੀ ਖੇਤੀ ਦੇ ਕਿਰਸਾਨ ਕਹਾਉਂਦੇ ਨੇ।

ਦੁਰਵਰਤੋਂ ਕਰ 'ਪ੍ਰੀਤ' ਅਸਾਂ ਹੀ ਵੈਰੀ ਲਏ ਬਣਾ,
ਸੂਰਜ, ਚੰਦ, ਹਵਾ ਪਾਣੀ ਵਰਦਾਨ ਕਹਾਉਂਦੇ ਨੇ।

## ਕੋਈ ਜਾਣ ਲੱਗਿਆ

ਕੋਈ ਜਾਣ ਲੱਗਿਆ ਨਿਸ਼ਾਨੀ ਤਾਂ ਦੇ ਜਾ।
ਮੁਹੱਬਤ ਭਰੀ ਮਿਹਰਬਾਨੀ ਤਾਂ ਦੇ ਜਾ।

ਤੂੰ ਲੰਘ ਜਾ ਗਲੀ ਮੇਰੀ 'ਚੋਂ ਮੂੰਹ ਛੁਪਾ ਕੇ,
ਮੇਰੇ ਦਰ ਨੂੰ ਥੋੜ੍ਹੀ ਹੈਰਾਨੀ ਤਾਂ ਦੇ ਜਾ।

ਤੂੰ ਮੋਹ-ਤੋੜ ਏਨਾ ਵੀ ਨਾ ਬਣ ਐ ਸੱਜਣਾ,
ਮੇਰੀ ਜ਼ਿੰਦਗੀ ਨੂੰ ਰਵਾਨੀ ਤਾਂ ਦੇ ਜਾ।

ਮੈਂ ਜੀਵਨ ਦੀ ਧੁੱਪ ਵਿੱਚ ਹੀ ਤਪਦੀ ਪਈ ਹਾਂ,
ਤੂੰ ਛਾਂ ਵਰਗੀ ਕੋਈ ਝਕਾਨੀ ਤਾਂ ਦੇ ਜਾ।

ਤੂੰ ਅਪਣੀ ਹੀ ਜ਼ਿਦ ਨੂੰ ਪੁਗਾਉਂਦਾ ਰਿਹਾ ਏਂ,
ਤੂੰ ਮੈਨੂੰ ਵੀ ਕੁਝ ਮਨ-ਗੁਮਾਨੀ ਤਾਂ ਦੇ ਜਾ।

ਤੇਰੀ ਯਾਦ ਆਈ ਤਾਂ ਚੁੰਮ ਲਾਂਗੀ ਇਸ ਨੂੰ,
ਮੇਰੀ 'ਪ੍ਰੀਤ' ਨੂੰ ਗਲ ਦੀ ਗਾਨੀ ਤਾਂ ਦੇ ਜਾ।

## ਮੇਰੀ ਕਾਨੀ ਤਾਂ

ਮੇਰੀ ਕਾਨੀ ਤਾਂ ਸੁੱਤੇ ਲਫ਼ਜ਼ ਦੀ ਕਿਸਮਤ ਜਗਾਉਂਦੀ ਹੈ।
ਜਦੋਂ ਵੀ ਨਾਮ ਲੈ ਕੇ ਓਸ ਦਾ ਉਸ ਨੂੰ ਬੁਲਾਉਂਦੀ ਹੈ।

ਸਫ਼ਰ ਜੋ ਸੋਚ ਦਾ ਹੈ, ਉਸ ਨੂੰ ਜੀਵਨ ਤਾਂਘ ਕਹਿੰਦੇ ਨੇ,
ਇਹ ਜੀਵਨ ਤਾਂਘ ਹੀ ਸੋਚਾਂ ਨੂੰ ਸਿੱਧੇ ਰਾਹ ’ਤੇ ਪਾਉਂਦੀ ਹੈ।

ਬੜੀ ਹੀ ਤਾਂ ਅਨੋਖੀ ਵੇਦਨਾ ਹੈ ਇਸ਼ਕ ਦੀ ਲੋਕੋ,
ਕਿਸੇ ਦਾ ਆਸਰਾ ਬਣਦੀ, ਕਿਸੇ ਤਾਈਂ ਰਵਾਉਂਦੀ ਹੈ।

ਅਨੋਖੀ ਮਾਂ ਦੀ ਮਮਤਾ, ਸਾਰੀ ਦੁਨੀਆਂ ਤੋਂ ਨਿਰਾਲੀ ਹੈ,
ਉਹ ਖ਼ੁਦ ਰੋਂਦੀ ਹੈ ਬਾਲਾਂ ਨੂੰ ਮਗਰ ਹੱਸਣਾ ਸਿਖਾਉਂਦੀ ਹੈ।

ਮੇਰੇ ਦਿਲਬਰ ਇਹ ਬਾਬਾ ਬੋਹੜ ਤੈਨੂੰ ਵੇਖਣਾ ਚਾਹੇ,
ਮੇਰੀ ਇਹ ਹਸਰਤਾਂ ਦੀ ਪੀਂਘ ਵੀ ਤੈਨੂੰ ਬੁਲਾਉਂਦੀ ਹੈ।

ਮੈਂ ਅਪਣੇ ਆਪ ਨੂੰ ਹੀ ‘ਪ੍ਰੀਤ’ ਪ੍ਰਦੇਸੀ ਸਮਝਦੀ ਹਾਂ,
ਗ਼ਜ਼ਲ ਮੇਰੀ ਜਦੋਂ ਮੈਨੂੰ ਮੇਰਾ ਚਿਹਰਾ ਵਿਖਾਉਂਦੀ ਹੈ।

# ਜੋ ਪੂਰੀ ਹੋ ਨਹੀਂ ਸਕਦੀ

ਜੋ ਪੂਰੀ ਹੋ ਨਹੀਂ ਸਕਦੀ, ਉਹ ਮੌਲਾ ਆਸ ਨਾ ਦੇਵੀਂ।
ਨਹੀਂ ਦੇਣਾ ਜੇ ਪਾਣੀ ਤਾਂ ਲਬਾਂ ਨੂੰ ਪਿਆਸ ਨਾ ਦੇਵੀਂ।

ਮੈਂ ਹਰ ਸਾਹ ਅਪਣਾ ਤਾਂ ਨਾਮ ਤੇਰੇ ਲਿਖ ਹੀ ਦਿੱਤਾ ਹੈ,
ਤੇ ਜਿਹੜਾ ਨਾਂ ਤੇਰੇ ਨਾ ਹੋ ਸਕੇ ਉਹ ਸੁਆਸ ਨਾ ਦੇਵੀਂ।

ਮੈਂ ਅਪਣੇ ਰਾਮ ਦੇ ਸੰਗ ਪਰਤ ਆਵਾਂਗੀ ਅਯੁੱਧਿਆ ਨੂੰ,
ਜੋ ਮੁੱਕੇ ਮੌਤ ਪਿਛੋਂ ਮੈਨੂੰ ਉਹ ਬਣਵਾਸ ਨਾ ਦੇਵੀਂ।

ਮੈਨੂੰ ਚੜ੍ਹਦੀ ਕਲਾ ਦੀ ਲੋੜ ਹੈ, ਬਸ ਦੇ ਏਹੀ ਮੈਨੂੰ,
ਮੇਰਾ ਦਿਲ ਤੋੜ ਦੇਵੇ ਜੋ ਤੂੰ ਉਹ ਧਰਵਾਸ ਨਾ ਦੇਵੀਂ।

ਗਈ ਲੁੱਟੀ ਹਮੇਸ਼ਾ 'ਪ੍ਰੀਤ' ਬਸ ਵਿਸ਼ਵਾਸ ਦੇ ਸਦਕੇ,
ਕਰੇ ਗੁੰਮਰਾਹ ਜਿਹਨੂੰ ਕੋਈ ਵੀ ਉਹ ਵਿਸ਼ਵਾਸ ਨਾ ਦੇਵੀਂ।

## ਜੇ ਉਸ ਦੀ ਜੱਗ ਜਾਹਰ

ਜੇ ਉਸ ਦੀ ਜੱਗ ਜਾਹਰ ਕਹਾਣੀ ਹੋ ਜਾਏ।
ਮਾਰੇ ਸ਼ਰਮ ਦੇ ਪਾਣੀ ਪਾਣੀ ਹੋ ਜਾਏ।

ਮਿਲ ਜਾਏ ਜੇ ਤੇਰੇ ਪੋਟਿਆਂ ਦੀ ਵੀ ਛੋਹ,
ਚਰਖ਼ੇ ਦੀ ਇੱਕ ਤੰਦ ਵੀ ਤਾਣੀ ਹੋ ਜਾਏ।

ਮੁੜ ਆ ਸੱਜਣਾ, ਉਹ ਨਾ ਹੋਵੇ ਬਿਨ ਤੇਰੇ,
ਰੋਂਦੇ ਰੋਂਦੇ ਸੁਰਤ ਨਿਤਾਣੀ ਹੋ ਜਾਏ।

ਇਸ ਪੁਸਤਕ ਦਾ ਅਗਲਾ ਪੰਨਾ ਵੀ ਪਲਟਾ,
ਉਹ ਨਾ ਹੋਵੇ ਕਥਾ ਪੁਰਾਣੀ ਹੋ ਜਾਏ।

ਪੀੜਾਂ, ਝੋਰੇ, ਹੌਕੇ, ਹਾਵੇ ਬੰਦੇ ਦੇ,
ਸਹਿੰਦੇ ਸਹਿੰਦੇ ਉਮਰ ਸਿਆਣੀ ਹੋ ਜਾਏ।

ਹਰਦਮ ਲੋਚਾ ਇਹੋ ਦਿਲ ਵਿੱਚ ਰਹਿੰਦੀ ਹੈ,
ਪੂਰੀ ਮੇਰੀ 'ਪ੍ਰੀਤ' ਕਹਾਣੀ ਹੋ ਜਾਏ।

## ਚੰਗੀ ਲੱਗਦੀ ਜਦੋਂ ਕਹਾਣੀ

ਚੰਗੀ ਲੱਗਦੀ ਜਦੋਂ ਕਹਾਣੀ ਪੂਰੀ ਹੁੰਦੀ ਹੈ।
ਪੂਰੀ ਹੋਈ ਮੁਹੱਬਤ ਵੀ ਮਖ਼ਮੂਰੀ ਹੁੰਦੀ ਹੈ।

ਕਾਮੇ ਹੱਥੀਂ ਮਿਹਨਤ ਕਰਕੇ ਆਪ ਕਮਾਈ ਜੋ,
ਉਸ ਦੀ ਇਹ ਸੁੱਕੀ ਰੋਟੀ ਵੀ ਚੂਰੀ ਹੁੰਦੀ ਹੈ।

'ਹਾਂ ਜੀ', 'ਹਾਂ ਜੀ' ਕਹਿਣਾ ਸਭ ਦੀ ਆਦਤ ਹੋ ਚੁੱਕੀ,
ਪਰ ਇਹ ਕੀਤੀ ਚਮਚਾਗੀਰੀ ਪੂਰੀ ਹੁੰਦੀ ਹੈ।

ਇਸ਼ਕ ਕਮਾਉਣਾ ਹਰ ਇੱਕ ਦੇ ਨਾ ਵਸ ਦੀ ਗੱਲ ਹੁੰਦੀ,
ਇਸ਼ਕ ਕਮਾਉਣਾ ਆਸ਼ਕ ਦੀ ਮਜਬੂਰੀ ਹੁੰਦੀ ਹੈ।

ਗੀਤ ਗ਼ਜ਼ਲ ਜੇ ਲਿਖਣੀ, ਨਜ਼ਮ ਰੁਬਾਈ ਵੀ ਲਿਖਣੀ,
'ਪ੍ਰੀਤ' ਨਿਭਾਉਣੀ ਅੱਖਰਾਂ ਨਾਲ ਜ਼ਰੂਰੀ ਹੁੰਦੀ ਹੈ।

## ਜੇ ਤੂੰ ਆ ਕੇ ਜਾਣਾ ਹੁੰਦੈ

ਜੇ ਤੂੰ ਆ ਕੇ ਜਾਣਾ ਹੁੰਦੈ ਤਾਂ ਫਿਰ ਸੱਜਣਾ ਆਇਆ ਨਾ ਕਰ।
ਸਾਡੀ ਜਿੰਦ ਨਿਮਾਣੀ ਉਤੇ ਏਨਾ ਜ਼ੁਲਮ ਕਮਾਇਆ ਨਾ ਕਰ।

ਯਾਦਾਂ ਦੀ ਸਰਦਲ ਦੇ ਉਤੇ ਉਕਰਿਆ ਹੈ ਸਭ ਕੁਝ ਰਹਿੰਦਾ,
ਪੈਰ ਮਾਰ, ਕਰ ਲਾਪਰਵਾਹੀ ਤੂੰ ਇਹ ਹਰਫ ਮਿਟਾਇਆ ਨਾ ਕਰ।

ਜਿਹੜਾ ਵੇਲਾ ਲੰਘ ਗਿਆ ਹੈ ਉਸ ਦੇ ਬਾਰੇ ਗੱਲ ਕੀ ਕਰਨੀ,
ਵੇਖੀਂ ਸਦਾ ਅਗਾਂਹ ਵੱਲ ਵੇਖੀਂ ਝਾਤ ਪਿਛਾਂਹ ਨੂੰ ਪਾਇਆ ਨਾ ਕਰ।

ਤੇਰੇ ਰਾਹੀਂ ਆ ਬਹਿੰਦੇ ਹਾਂ ਰੋਜ਼ ਵਿਛਾ ਕੇ ਪਲਕਾਂ ਸੱਜਣਾ,
ਆ ਜਾਂ, ਨਾ ਆ, ਮਰਜ਼ੀ ਤੇਰੀ ਝੂਠੇ ਲਾਰੇ ਲਾਇਆ ਨਾ ਕਰ।

ਅੱਖ ਚੁਰਾ ਕੇ ਗੱਲਾਂ ਕਰਦੈਂ ਰੋਨਾਂ ਏਂ ਕਿ ਹੱਸਦਾ ਏਂ ਤੂੰ,
ਮੇਰਾ ਦਿਲ ਰੱਖਣ ਦੀ ਖਾਤਰ ਝੂਠ ਮੂਠ ਮੁਸਕਾਇਆ ਨਾ ਕਰ।

ਜੇ ਨਹੀਂ ਮਨ ਰੰਗਣਾ ਤਾਂ ਕਾਹਤੋਂ ਢੌਂਗ ਰਚਾਈ ਫਿਰਦਾ ਏਂ ਤੂੰ,
'ਪ੍ਰੀਤ' ਨੂੰ ਠੱਗਣ ਲਈ ਪਹਿਰਾਵੇ ਰੰਗ-ਬ-ਰੰਗੇ ਪਾਇਆ ਨਾ ਕਰ।

## ਅੱਖਾਂ ਅੰਦਰ ਜਦੋਂ ਖ਼ੁਮਾਰੀ

ਅੱਖਾਂ ਅੰਦਰ ਜਦੋਂ ਖ਼ੁਮਾਰੀ ਹੁੰਦੀ ਹੈ।
ਰੂਹ ਤੇ ਹੋਈ ਇਸ਼ਕ ਸਵਾਰੀ ਹੁੰਦੀ ਹੈ।

ਚੜ੍ਹਦੀ ਉਮਰ ਦੀਆਂ ਕੁੜੀਆਂ ਨੂੰ ਪੁੱਛ ਵੇਖੋ,
ਸਭ ਨੂੰ ਅਪਣੀ ਰੀਝ ਪਿਆਰੀ ਹੁੰਦੀ ਹੈ।

ਸ਼ਹਿਰ ਮੇਰਾ ਅੰਬਰਸਰ ਘਰ ਪਕਵਾਨਾਂ ਦਾ,
ਉਥੋਂ ਦੀ ਹਰ ਵਸਤ ਕਰਾਰੀ ਹੁੰਦੀ ਹੈ।

ਪਾਟੇ ਵਸਤਰ ਕਿੱਦਾਂ ਢੱਕਣ ਜੋਬਨ ਨੂੰ,
ਨਿਰਧਨਤਾ ਹੀ ਨਗਨ ਵਿਚਾਰੀ ਹੁੰਦੀ ਹੈ।

ਲਾਵਾਂ ਹੋਣੋਂ ਪਹਿਲਾਂ ਸਭਨਾਂ ਕੁੜੀਆਂ ਦੇ,
ਦਿਲ ਦੀ ਹਰ ਇੱਕ ਰੀਝ ਕੁਆਰੀ ਹੁੰਦੀ ਹੈ।

ਲੂਲ੍ਹੇ ਲੰਗੜੇ ਬੱਚਿਆਂ ਨੂੰ ਵੀ ਪਾਲਣ ਲਈ,
ਮਾਂ ਨੇ ਅਪਣੀ ਹੋਂਦ ਵਿਸਾਰੀ ਹੁੰਦੀ ਹੈ।

ਔਹ ਵੇਖੋ! ਔਹ ਰੋਂਦਾ ਕੋਨੇ ਵਿੱਚ ਖੜ੍ਹ ਕੇ,
ਜਿਸ ਧੀ ਤੋਰੀ ਰਾਜ ਕੁਮਾਰੀ ਹੁੰਦੀ ਹੈ।

ਰਿਸ਼ਤੇ, ਨਾਤੇ, ਬੰਧਨ, ਸੰਗ, ਸਹੇਲਪੁਣਾ,
'ਪ੍ਰੀਤ' ਤੇਰੀ ਹਰ ਥਾਂ ਸਰਦਾਰੀ ਹੁੰਦੀ ਹੈ।

## ਹਰ ਤਰਫ਼ ਹੈ ਧੂੜ, ਧੂੰਆਂ

ਹਰ ਤਰਫ਼ ਹੈ ਧੂੜ, ਧੂੰਆਂ ਹਰ ਤਰਫ਼ ਹੀ ਸ਼ੋਰ ਹੈ।
ਇਹ ਨਹੀਂ ਨਾਨਕ ਗੁਰੂ ਦਾ, ਦੇਸ਼ ਕੋਈ ਹੋਰ ਹੈ।

ਮਟਕਦੀ ਤੇ ਗਟਕਦੀ ਉੱਤਰੀ ਪਹਾੜੋਂ ਆ ਰਹੀ,
ਇਸ ਨਦੀ ਦੀ ਤੋਰ ਵੀ ਪੰਜਾਬਣਾਂ ਦੀ ਤੋਰ ਹੈ।

ਪਹਿਨ ਕੇ ਖਾਦੀ ਦੇ ਵਸਤਰ, ਟੋਪੀਆਂ ਸਿਰ ਤੇ ਧਰੀ,
ਜਾ ਰਿਹਾ ਇਹ ਲੀਡਰਾਂ ਦਾ ਕਾਫ਼ਲਾ ਕੰਮ-ਚੋਰ ਹੈ।

ਕੱਢ ਲਿਆਵੇ ਮੋਤੀਆਂ ਨੂੰ ਸਾਗਰਾਂ ਦੀ ਡੂੰਘ 'ਚੋਂ,
ਇਹ ਪਿਆਰੀ ਕਲਮ ਮੇਰੀ ਕਲਮ ਗੋਤਾਖ਼ੋਰ ਹੈ।

ਮੈਂ ਤਾਂ ਤੇਰੇ ਇਸ਼ਕ ਵਿੱਚ ਹੀ ਹੋ ਗਈ ਹਾਂ ਪ੍ਰੀਤ-ਪ੍ਰੀਤ,
'ਪ੍ਰੀਤ' ਆ ਸੰਭਾਲ ਦੁਨੀਆਂ ਬਹੁਤ ਹੀ ਮੂੰਹ ਜ਼ੋਰ ਹੈ।

# ਭਰਿਆ ਸੀ ਜੋ ਘੜਾ-ਘੜੋਲਾ

ਭਰਿਆ ਸੀ ਜੋ ਘੜਾ-ਘੜੋਲਾ ਖਾਲੀ ਹੋਇਆ ਹੈ।
ਉਹ ਵੀ ਮੇਰੀਆਂ ਲੋੜਾਂ ਦਾ ਸਮਕਾਲੀ ਹੋਇਆ ਹੈ।

ਹੁੰਦਾ ਰੋਜ਼ ਕਤਲ ਹੈ ਫੁੱਲਾਂ ਤੇ ਕਲੀਆਂ ਦਾ ਹੀ,
ਬਾਗ ਦਾ ਦੁਸ਼ਮਣ ਕਿਉਂਕਿ ਖੁਦ ਹੀ ਮਾਲੀ ਹੋਇਆ ਹੈ।

ਸੱਸੀ ਪੁਨੂੰ, ਮਿਰਜ਼ਾ ਸਾਹਿਬਾਂ, ਹੀਰ ਜਿਹਾ ਕਿਹੜਾ,
ਇਸ਼ਕ ਦੇ ਦਰ ਦਾ ਮੰਗਤਾ, ਕੌਣ ਸਵਾਲੀ ਹੋਇਆ ਹੈ।

ਜਿਸ ਨੇ ਚਾਰੇ ਕੂੰਟਾਂ ਰੰਗੀਆਂ ਇਸ਼ਕ ਦੇ ਰੰਗ ਅੰਦਰ,
ਉਹ ਬੰਦਾ ਹੀ ਇਸ ਧਰਤੀ ਦਾ ਵਾਲੀ ਹੋਇਆ ਹੈ।

ਲੱਸੀ ਦੀ ਥਾਂ ਲੋਕ ਨੇ ਪੀਂਦੇ ਹੁਣ ਦਾਰੂ ਐ 'ਪ੍ਰੀਤ',
ਕਿਉਂਕਿ ਕੱਲ੍ਹ ਦਾ ਛੰਨਾ ਅੱਜ ਪਿਆਲੀ ਹੋਇਆ ਹੈ।

## ਜਦੋਂ ਵੀ ਨਾਲ ਉਂਗਲ ਦੇ ਉਹ

ਜਦੋਂ ਵੀ ਨਾਲ ਉਂਗਲ ਦੇ ਉਹ ਇਕਤਾਰਾ ਵਜਾਉਂਦਾ ਹੈ।
ਮਧੁਰ ਸੁਰ ਨਾਲ ਰਿਸਦੇ ਜ਼ਖਮ ਤੇ ਮਲਹਮ ਲਗਾਉਂਦਾ ਹੈ।

ਜਿਨ੍ਹਾਂ ਨੂੰ ਜੀਂਦੇ ਜੀ ਉਸ ਨੇ ਕਦੇ ਪਾਣੀ ਨਹੀਂ ਪੁੱਛਿਆ,
ਉਹੀ ਪਿੱਤਰਾਂ ਦੀਆਂ ਕਬਰਾਂ ਤੇ ਜਾ ਕੇ ਫੁੱਲ ਚੜ੍ਹਾਉਂਦਾ ਹੈ।

ਕਸਮ ਖਾਧੀ ਸੀ ਜਿਸ ਨੇ ਨਾਲ ਮੇਰੇ ਜੀਣੇ ਮਰਨੇ ਦੀ,
ਉਹੀ ਹੁਣ 'ਹਾਂ ਜੀ', 'ਹਾਂ ਜੀ' ਆਖ ਕੇ ਲਾਰੇ ਲਗਾਉਂਦਾ ਹੈ।

ਜਦੋਂ ਆਖਾਂ ਮੈਂ ਉਸ ਦੇ ਨਾਲ ਦਿਲ ਦੀ ਗੱਲ ਹੈ ਕਰਨੀ,
ਮੇਰੀ ਗੱਲ ਅਣਸੁਣੀ ਕਰਕੇ ਸਦਾ ਅਪਣੀ ਸੁਣਾਉਂਦਾ ਹੈ।

ਕਿਸੇ ਦਾ ਦੁੱਖ ਵੰਡਾਉਣਾ ਤਾਂ ਇਬਾਦਤ ਵੀ ਹੈ ਪੂਜਾ ਵੀ,
ਇਹ ਉਹ ਰਸਤਾ ਹੈ ਜੋ ਸਿੱਧਾ ਖ਼ੁਦਾ ਦੇ ਘਰ ਪੁਚਾਉਂਦਾ ਹੈ।

ਉਹਦੀ ਹੀ ਲੋਚ ਦੇ ਵਿਚ 'ਪ੍ਰੀਤ' ਨੇ ਇਕ ਉਮਰ ਹੈ ਗਾਲੀ,
ਉਹ ਰੁਝਿਆ ਹੋਣ ਦੇ ਝੂਠੇ ਬਹਾਨੇ ਹੀ ਬਣਾਉਂਦਾ ਹੈ।

## ਜਦ ਖੁਸ਼ੀ ਦੇ ਗੀਤ

ਜਦ ਖੁਸ਼ੀ ਦੇ ਗੀਤ ਗਾਉਂਦੀ ਜ਼ਿੰਦਗੀ।
ਧਰਤ ਅੰਬਰ ਨੂੰ ਨਚਾਉਂਦੀ ਜ਼ਿੰਦਗੀ।

ਹੋਂਦ ਨੂੰ ਖੁਰਨੋ ਬਚਾਉਂਦੀ ਜ਼ਿੰਦਗੀ।
ਤੇ ਜਤਨ ਕਰਨਾ ਸਿਖਾਉਂਦੀ ਜ਼ਿੰਦਗੀ।

ਗਮ ਵਿਛੋੜਾ ਦਰਦ ਤੇ ਮਜਬੂਰੀਆਂ,
ਰੋਜ਼ ਪਿੰਡੇ 'ਤੇ ਹੰਢਾਉਂਦੀ ਜ਼ਿੰਦਗੀ।

ਤਾਰ ਮਨ ਦੇ ਜੁੜਦੇ ਮਨ ਦੇ ਨਾਲ ਜਦ,
ਜ਼ਿੰਦਗੀ ਦੀ ਧੁਨ ਵਜਾਉਂਦੀ ਜ਼ਿੰਦਗੀ।

ਆਪ ਅਪਣੀ ਜ਼ਿੰਦਗੀ ਨੂੰ ਸਮਝ ਲੈ;
'ਪ੍ਰੀਤ' ਸਭ ਨੂੰ ਇਹ ਸਿਖਾਉਂਦੀ ਜ਼ਿੰਦਗੀ।

## ਪੌਣ ਸਵੇਰੇ ਆ ਕੇ

ਪੌਣ ਸਵੇਰੇ ਆ ਕੇ ਜਦੋਂ ਜਗਾਉਂਦੀ ਹੈ।
ਤਰੋ ਤਾਜ਼ਗੀ ਅਪਣੇ ਨਾਲ ਲਿਆਉਂਦੀ ਹੈ।

ਤ੍ਰਿਸ਼ਨਾ ਟਿਕ ਕੇ ਬਹਿਣ ਨਾ ਦੇਵੇ ਬੰਦੇ ਨੂੰ,
ਸੋਚਾਂ ਦਾ ਦਰ ਤੜਕੇ ਆ ਖੜਕਾਉਂਦੀ ਹੈ।

ਰੰਗ ਬਰੰਗੀ ਸੂਰਤ ਫੁੱਲਾਂ ਕਲੀਆਂ ਦੀ,
ਮਾਰ ਅਵਾਜ਼ਾਂ ਭੰਵਰੇ ਤਾਈਂ ਬੁਲਾਉਂਦੀ ਹੈ।

ਸਫਰ ਸੋਚ ਦਾ ਸੋਚ ਕੇ ਕਰਨਾ ਪੈਂਦਾ ਤੈਅ,
ਕਿਉਂਕਿ ਸੋਚ ਹੀ ਰਸਤੇ ਨਵੇਂ ਵਿਖਾਉਂਦੀ ਹੈ।

ਇੱਕੋ ਕਿਰਨ ਬਥੇਰੀ ਨ੍ਹੇਰੇ ਚੀਰਨ ਲਈ;
ਇੱਕੋ ਝਾਤੀ ਜੀਵਨ ਰਾਹ ਰੁਸ਼ਨਾਉਂਦੀ ਹੈ।

ਮੌਤ ਸਹੇਲੀ ਮੇਰੀ ਪਿਛਲੇ ਜਨਮਾਂ ਦੀ,
ਅਕਸਰ ਮੇਰੇ ਘਰ ਦੇ ਗੇੜੇ ਲਾਉਂਦੀ ਹੈ।

'ਪ੍ਰੀਤ' ਕਹੇ ਐ ਦਿਲ ਸੰਭਲ ਜਾ ਹਾਲੇ ਵੀ,
ਸੰਭਲਣ ਦੀ ਰੁੱਤ ਵਾਰ ਵਾਰ ਨਾ ਆਉਂਦੀ ਹੈ।

## ਜਾਂ ਸੋਹਣੀ ਸਰਕਾਰ ਤੋਂ ਸਦਕੇ

ਜਾਂ ਸੋਹਣੀ ਸਰਕਾਰ ਤੋਂ ਸਦਕੇ।
ਉਸ ਦੇ ਹਰ ਉਪਕਾਰ ਤੋਂ ਸਦਕੇ।

ਰੰਗ ਭਰੇ ਜਿਸ ਜੀਵਨ ਦੇ ਵਿੱਚ,
ਉਸ ਦਿਲਬਰ ਦਿਲਦਾਰ ਤੋਂ ਸਦਕੇ।

ਮੇਰੇ ਮਨ ਨੂੰ ਮੋਂਹਦੀ ਹੈ ਜੋ,
ਤੇਰੀ ਓਸ ਨੁਹਾਰ ਤੋਂ ਸਦਕੇ।

ਹੱਕ ਤੇ ਸੱਚ ਦੀ ਕਿਰਤ ਕਮਾਈ,
ਸੱਚੀ ਸੁੱਚੀ ਕਾਰ ਤੋਂ ਸਦਕੇ।

ਨਹੀਂ ਸੀ ਫੁੱਲ ਨਸੀਬੀਂ ਸਾਡੇ,
ਤੇਰੇ ਦਿੱਤੇ ਖ਼ਾਰ ਤੋਂ ਸਦਕੇ।

ਸਭ ਨੂੰ ਰਹਿਮਤ ਵੰਡਣ ਵਾਲੇ,
ਸੱਚੇ ਸਿਰਜਨਹਾਰ ਤੋਂ ਸਦਕੇ।

ਕਿਉਂ ਨਾ ਜਾਵੇ 'ਪ੍ਰੀਤ' ਪਿਆਰੇ,
ਅਪਣੇ ਸੋਹਣੇ ਯਾਰ ਤੋਂ ਸਦਕੇ।

# ਕਿਸ ਨੂੰ ਦੱਸਾਂ ਦਰਦ

ਕਿਸ ਨੂੰ ਦੱਸਾਂ ਦਰਦ ਦਿਲੇ ਦਾ।
ਅਰਮਾਨਾਂ ਦੇ ਢਹੇ ਕਿਲੇ ਦਾ।

ਕਰ ਮੈਂ ਕਿਵੇਂ ਬਿਆਨ ਸਕਾਂਗੀ,
ਲਗ ਤੇਰੇ ਸੰਗ ਗਲੇ ਮਿਲੇ ਦਾ।

ਤੂੰ ਪਾਇਆ ਹੈ ਅਪਣਾ ਕੀਤਾ,
ਮੈਨੂੰ ਮਿਲਿਆ ਮੇਰੇ ਸਿਲੇ ਦਾ।

ਬੰਦ ਡੋਡੀ ਨੂੰ ਕੌਣ ਹੈ ਪੁੱਛਦਾ,
ਮੁੱਲ ਹੈ ਪੈਂਦਾ ਫੁੱਲ ਖਿਲੇ ਦਾ।

'ਪ੍ਰੀਤ' ਨੇ ਤਾਂ ਪਹਿਚਾਣ ਲਿਆ ਹੈ,
ਔਹ ਬੰਦਾ ਹੈ ਉਹਦੇ ਜ਼ਿਲ੍ਹੇ ਦਾ।

## ਹੁਣ ਕੋਇਲ ਨੂੰ

ਹੁਣ ਕੋਇਲ ਨੂੰ ਟਹਿਣੀ ਉੱਤੇ ਬਹਿਣ ਦਿਓ।
ਮੇਰੇ ਮਨ ਨੂੰ ਕੂਹੂ ਕੂਹੂ ਕਹਿਣ ਦਿਓ।

ਦੁੱਖਾਂ ਦੀ ਲੰਮੀ ਗਾਥਾ ਹੈ ਇਹ ਜੀਵਨ,
ਮੈਨੂੰ ਮੇਰੇ ਦੁੱਖੜੇ ਆਪੇ ਸਹਿਣ ਦਿਓ।

ਚੀਕ ਉਹਦੀ ਨੂੰ ਰੌਲੇ ਵਿੱਚ ਹੀ ਨਾ ਦੱਬੋ,
ਉਸ ਨੂੰ ਅਪਣੀ ਗੱਲ ਤਾਂ ਖੁੱਲ੍ਹ ਕੇ ਕਹਿਣ ਦਿਓ।

ਅਪਣੀ ਰੌਂਅ ਵਿੱਚ ਚੱਲਦੇ ਨੇ ਦਰਿਆ ਸਾਰੇ,
ਰੋਕ ਨਾ ਲਾਓ, ਅਪਣੀ ਚਾਲੇ ਵਹਿਣ ਦਿਓ।

ਚੰਗੇ ਕੰਮ ਤਾਂ ਕਦਮ ਮਿਲਾ ਕੇ ਹੁੰਦੇ ਨੇ,
ਮੋਢੇ ਦੇ ਸੰਗ ਮੋਢਾ ਭਾਵੇਂ ਖਹਿਣ ਦਿਓ।

'ਪ੍ਰੀਤ' ਦੀ ਝੁੱਗੀ ਝੱਖੜਾਂ ਅੱਗੇ ਨਹੀਂ ਝੁਕਦੀ,
ਮਹਿਲ ਚੁਬਾਰੇ ਢਹਿੰਦੇ ਨੇ ਤਾਂ ਢਹਿਣ ਦਿਓ।

# ਤਪਦੀ ਧਰਤੀ ਉੱਤੇ

ਤਪਦੀ ਧਰਤੀ ਉੱਤੇ ਬੱਦਲ ਵੱਸ ਜਾਵੇ।
ਧਰਤੀ ਦੇ ਵਿੱਚ ਇਸੇ ਬਹਾਨੇ ਰਸ ਜਾਵੇ।

ਗੁਰਬੱਤ ਘੋਰ ਮੁਸੀਬਤ ਸੱਚੇ ਬੰਦੇ ’ਤੇ,
ਆਉਂਦਾ ਜਾਂਦਾ ਐਵੇਂ ਹੀ ਕੋਈ ਹੱਸ ਜਾਵੇ।

ਮਿਹਨਤਕਸ਼ ਜਦ ਠਾਣ ਲਵੇ ਕੁਝ ਕਰਨੇ ਦੀ,
ਚੋਰਾਂ ਵਾਂਗ ਲਚਾਰੀ ਉਥੋਂ ਨੱਸ ਜਾਵੇ।

ਸੱਸੀ ਪੁੰਨੂੰ ਦੀ ਗਾਥਾ ਹੁਣ ਬਸ ਕਰੋ,
ਕਿਧਰੇ ਨੈਣਾਂ ਦਾ ਬੱਦਲ ਨਾ ਵੱਸ ਜਾਵੇ।

ਆ ਜਾਵੇ ਕੁਝ ਚੈਨ ਵੀ ਦਿਲ ਦੀ ਧੜਕਣ ਨੂੰ,
ਪਤਾ ਉਹਦਾ ਕੋਈ ਆਣ ਹਵਾ ਜੇ ਦੱਸ ਜਾਵੇ।

ਹੋਵੇ ਇਸ਼ਕ ਦਿਆਲ, ‘ਪ੍ਰੀਤ’ ਦੇ ਘਰ ਵਿਚੋਂ,
ਇਕ ਇਕ ਕਰਕੇ ਗਮ ਦਾ ਟੋਲਾ ਨੱਸ ਜਾਵੇ।

## ਜੇ ਮਤਲਬ ਵਿਚਕਾਰ ਨਾ ਹੁੰਦਾ

ਜੇ ਮਤਲਬ ਵਿਚਕਾਰ ਨਾ ਹੁੰਦਾ।
ਏਨਾ ਫਿੱਕਾ ਪਿਆਰ ਨਾ ਹੁੰਦਾ।

ਤੁਰਦਾ ਜੇਕਰ ਸੱਚ ਦੇ ਰਾਹ ’ਤੇ,
ਇੰਜ ਨੀਵਾਂ ਕਿਰਦਾਰ ਨਾ ਹੁੰਦਾ।

ਇਸ਼ਕ ਵਫ਼ਾ ਦੀ ਤੱਕੜੀ ਤੁਲਦਾ,
ਬਣਿਆ ਕਾਰੋਬਾਰ ਨਾ ਹੁੰਦਾ।

ਕੀ ਤੇ ਕਿਉਂ ਜੇ ਹੁੰਦੇ ਹੀ ਨਾ,
ਲਫ਼ਜ਼ ਕੋਈ ਤਕਰਾਰ ਨਾ ਹੁੰਦਾ।

ਸਭ ਦੀ ਸੋਚ ਜੇ ਇੱਕੋ ਹੁੰਦੀ,
ਭੇਦ ਭਾਵ ਵਿਚਕਾਰ ਨਾ ਹੁੰਦਾ।

ਤਾਰੂ ਹੁੰਦਾ ਸੂਝਵਾਨ ਜੇ,
ਫਸਿਆ ਵਿੱਚ ਮੰਝਧਾਰ ਨਾ ਹੁੰਦਾ।

‘ਪ੍ਰੀਤ’ ਵੀ ਏਹੋ ਦਵੇ ਦੁਹਾਈ,
ਪਿਆਰ ਬਿਨਾ ਸੰਸਾਰ ਨਾ ਹੁੰਦਾ।

## ਬੁਰਾਈ ਤਾਂ ਆਖਰ

ਬੁਰਾਈ ਤਾਂ ਆਖਰ ਬੁਰਾਈ ਹੈ ਹੁੰਦੀ।
ਤੇ ਸਭਨਾਂ ਦੇ ਹਿੱਸੇ 'ਚ ਆਈ ਹੈ ਹੁੰਦੀ।

ਬਿਨਾ ਅਕਲ ਦੇ ਕੀ ਸ਼ਕਲ ਦਾ ਗੁਜ਼ਾਰਾ,
ਇਹ ਜੀਵਨ ਦੀ ਅਸਲੀ ਕਮਾਈ ਹੈ ਹੁੰਦੀ।

ਮੈਂ ਬਿਹਬਲ ਤੇ ਬੇਚੈਨ ਹੁੰਦੀ ਨਹੀਂ ਹਾਂ,
ਜਦੋਂ ਗਲ 'ਚ ਬਾਂਹ ਤੇਰੇ ਪਾਈ ਹੈ ਹੁੰਦੀ।

ਮੈਂ ਤਾਂ ਭੁੱਜ ਕੇ ਵੀ ਮਕੱਈ ਵਾਂਗ ਹੱਸਾਂ,
ਤੂੰ ਭੱਠੀ ਹਿਜਰ ਦੀ ਤਪਾਈ ਹੈ ਹੁੰਦੀ।

ਕਰੇਂਗਾ ਭਰੋਸਾ ਤੂੰ 'ਪ੍ਰੀਤ' ਉੱਤੇ ਇਕ ਦਿਨ,
ਸੱਚਾਈ ਤਾਂ ਆਖਰ ਸੱਚਾਈ ਹੈ ਹੁੰਦੀ।

## ਜ਼ੁਲਫ਼ ਤੇਰੀ ਰਾਤ ਵਰਗੀ

ਜ਼ੁਲਫ਼ ਤੇਰੀ ਰਾਤ ਵਰਗੀ।
ਝਾਤ ਹੈ ਪ੍ਰਭਾਤ ਵਰਗੀ।

ਵਸਤ ਨਾ ਸਭਨਾਂ ਨੂੰ ਮਿਲਦੀ,
ਇਸ਼ਕ ਦੀ ਇਸ ਦਾਤ ਵਰਗੀ।

ਗ਼ਮ ਦੀ ਇਹ ਗਾਥਾ ਨਾ ਛੇੜੋ,
ਘੋਰ ਕਾਲੀ ਰਾਤ ਵਰਗੀ।

ਸਾਥ ਤੇਰਾ ਰੱਬ ਵਰਗਾ,
ਦੋਸਤੀ ਸੌਗਾਤ ਵਰਗੀ।

ਯਾਦ ਸੀ ਇੱਕ ਰਾਤ ਆਈ,
ਜ਼ਿੰਦਗੀ ਦੀ ਬਾਤ ਵਰਗੀ।

ਅੱਖੀਓਂ ਬਰਸਾਤ ਹੋਈ,
ਸਾਉਣ ਦੀ ਬਰਸਾਤ ਵਰਗੀ।

'ਪ੍ਰੀਤ' ਤੇਰੇ ਦਰ ਖੜ੍ਹੀ ਹਾਂ,
ਭੀਲਣੀ ਦੀ ਜ਼ਾਤ ਵਰਗੀ।

## ਜਗਾ ਕੇ ਇਸ਼ਕ ਦਾ ਦੀਵਾ

ਜਗਾ ਕੇ ਇਸ਼ਕ ਦਾ ਦੀਵਾ ਹਨੇਰਾ ਦੂਰ ਕਰਨਾ ਹੈ।
ਚੁਫੇਰੇ ਆਪਣੇ ਨੂੰ ਹੋਰ ਨੂਰੋ-ਨੂਰ ਕਰਨਾ ਹੈ।

ਮੈਂ ਲੈ ਕੇ ਪਿਆਰ ਦੀ ਕਾਨੀ, ਲਿਖਾਂਗੀ ਹਰਫ਼ ਇਸ਼ਕਾਂ ਦੇ,
ਮੈਂ ਹਰ ਮਾਯੂਸ ਹੋਏ ਦਿਲ ਨੂੰ ਵੀ ਮਸਰੂਰ ਕਰਨਾ ਹੈ।

ਸ਼ਰਾਰਤ ਸਮਝ ਆ ਜਾਂਦੀ ਹੈ, ਰੁੱਖਾਂ ਨੂੰ ਵੀ ਰੁੱਤਾਂ ਦੀ,
ਨਹੀਂ ਹੁਣ ਜ਼ੁਲਮ ਰੁੱਤਾਂ ਦਾ ਇਨ੍ਹਾਂ ਮਨਜ਼ੂਰ ਕਰਨਾ ਹੈ।

ਉਹ ਅਕਸਰ ਸ਼ੱਕ ਕਰਦਾ ਹੈ ਮੇਰੇ ਕਿਰਦਾਰ ਦੇ ਉੱਤੇ,
ਤੇ ਮੈਂ ਕਿਰਦਾਰ ਦੇ ਰਾਹੀਂ ਉਹਦਾ ਸ਼ੱਕ ਦੂਰ ਕਰਨਾ ਹੈ।

ਮੇਰੇ ਰਾਹ ਵਿੱਚ ਰੁਕਾਵਟ ਬਣ ਕੇ ਜੋ ਆਇਆ ਮੇਰੇ ਅੱਗੇ,
ਹਥੌੜੇ ਨਾਲ ਉਸ ਪੱਥਰ ਨੂੰ ਚਕਨਾਚੂਰ ਕਰਨਾ ਹੈ।

## ਮੇਰੇ ਬਾਗ ਆਈਆਂ

ਮੇਰੇ ਬਾਗ ਆਈਆਂ ਬਹਾਰਾਂ ਕਦੇ ਨਾ।
ਨਾ ਕੋਇਲਾਂ ਆਈਆਂ ਗੁਟਾਰਾਂ ਕਦੇ ਨਾ।

ਉਹ ਤੁਰਿਆ ਉਹਦੇ ਨਾਲ ਰੁੱਤਾਂ ਵੀ ਤੁਰੀਆਂ,
ਮੈਂ ਵੀਰਾਨੀਆਂ ਇਹ ਸਹਾਰਾਂ ਕਦੇ ਨਾ।

ਇਹ ਦੁੱਖਾਂ ਦੇ ਪਲ ਵੀ ਤਾਂ ਜਾਂਦੇ ਗੁਜ਼ਰ ਨੇ,
ਮੈਂ ਘੜੀਆਂ ਅਜਿਹੀਆਂ ਵਿਚਾਰਾਂ ਕਦੇ ਨਾ।

ਬੜਾ ਸ਼ੋਰ ਸੀ ਲੋਕ ਕੁਰਲਾ ਰਹੇ ਸੀ,
ਤੇਰੇ ਤੀਕ ਪੁੱਜੀਆਂ ਪੁਕਾਰਾਂ ਕਦੇ ਨਾ।

ਤੇਰੇ ਹਿਜਰ ਦੇ ਵਿੱਚ ਗੁਜ਼ਾਰੇ ਜਿਵੇਂ ਮੈਂ,
ਉਹ ਦਿਨ 'ਪ੍ਰੀਤ' ਨੇ ਸੀ ਗੁਜ਼ਾਰੇ ਕਦੇ ਨਾ।

## ਕਿਹੜੀ ਗੱਲ ਦਾ ਗੁਮਾਨ ਹੈ

ਕਿਹੜੀ ਗੱਲ ਦਾ ਗ਼ੁਮਾਨ ਹੈ ਪਿਆਰੇ।
ਆਰਜ਼ੀ ਸਭ ਸਮਾਨ ਹੈ ਪਿਆਰੇ।

ਜਿਸ 'ਚ ਡੁੱਬਦੇ ਹਮੇਸ਼ ਤਾਰੂ ਹੀ,
ਇਸ਼ਕ ਐਸਾ ਤੂਫ਼ਾਨ ਹੈ ਪਿਆਰੇ।

ਜਨਮ ਦੇਂਦੀ ਫ਼ਕੀਰਾਂ ਪੀਰਾਂ ਨੂੰ,
ਤਾਂ ਹੀ ਨਾਰੀ ਮਹਾਨ ਹੈ ਪਿਆਰੇ।

ਮੋਹ ਪਰੁੱਚੇ ਹੀ ਰਿਸ਼ਤੇ ਘਰ ਹੁੰਦੇ,
ਨਹੀਂ ਤਾਂ ਖਾਲੀ ਮਕਾਨ ਹੈ ਪਿਆਰੇ।

ਮਿਲ ਹੀ ਜਾਣੀ 'ਪ੍ਰੀਤ' ਨੂੰ ਮੰਜ਼ਿਲ,
ਜੇ ਇਰਾਦਾ ਚਟਾਨ ਹੈ ਪਿਆਰੇ।

## ਭੁੱਲਦਾ ਨਹੀਓਂ ਚੇਤਾ

ਭੁੱਲਦਾ ਨਹੀਓਂ ਚੇਤਾ ਉਹਨਾਂ ਥਾਂਵਾਂ ਦਾ।
ਤੇਰੇ ਨਾਲ ਬਿਤਾਈਆਂ ਧੁੱਪਾਂ ਛਾਂਵਾਂ ਦਾ।

ਔਖਾ ਹੋਇਆ ਸਾਹ ਲੈਣਾ ਵੀ ਬਿਨ ਤੇਰੇ,
ਆਇਆ ਨਾ ਜਦ ਬੁੱਲਾ ਕੋਈ ਹਵਾਵਾਂ ਦਾ।

ਕਦੇ ਤਾਂ ਆ ਕੇ ਵਤਨੀਂ ਫੇਰਾ ਪਾ ਜਾਵੀਂ,
ਦੇਖ ਅਸਰ ਆ ਕੇ ਘਟੀਆਂ ਘਟਨਾਵਾਂ ਦਾ।

ਮਨ ਦੀ ਘੋਰ ਉਦਾਸੀ ਕਿੰਨੀ ਗਹਿਰੀ ਹੈ,
ਕਿੰਨਾ ਗਹਿਰਾਪਨ ਹੈ ਘੋਰ ਘਟਾਵਾਂ ਦਾ।

ਪੈਸੇ ਦੀ ਇਸ ਦੌੜ ਦੇ ਅੰਦਰ ਭੁੱਲ ਬੈਠੇ,
ਕਿਸ ਨੂੰ ਚੇਤਾ ਆਵੇ ਰੋਂਦੀਆਂ ਮਾਂਵਾਂ ਦਾ।

ਬਦਲੇ ਵਕਤਾਂ ਕਦਰਾਂ ਸਭ ਨੇ ਬਦਲਾਈਆਂ,
ਹੁਣ ਸਤਿਕਾਰ ਰਿਹਾ ਨਾ ਲਈਆਂ ਲਾਵਾਂ ਦਾ।

ਚੰਨ ਸ਼ਰਾਬੀ ਹੋਵੇ ਤੇਰੇ ਆਵਣ ’ਤੇ,
‘ਪ੍ਰੀਤ’ ਕਦੇ ਮੁੜ ਆਵੇ ਦਿਨ ਉਹ ਚਾਵਾਂ ਦਾ।

## ਪੱਤਝੜ ਪਿੱਛੋਂ ਫੇਰ

ਪੱਤਝੜ ਪਿੱਛੋਂ ਫੇਰ ਬਹਾਰਾਂ ਆਉਣਗੀਆਂ।
ਫਿਰ ਖੁਸ਼ਬੂਆਂ ਮੋੜ ਮੁਹਾਰਾਂ ਆਉਣਗੀਆਂ।

ਕਰਨ ਉਡੀਕਾਂ ਕਲੀਆਂ ਵਿੱਚ ਬਹਾਰਾਂ ਦੇ,
ਬਿਨਾਂ ਬਹਾਰੋਂ ਕਲੀਆਂ ਕਿੰਜ ਮੁਸਕਾਉਣਗੀਆਂ।

ਧੀ ਮੋਈ ਤਾਂ ਕਰਦਾ ਮਾਤਮ ਸਾਉਣ ਦਿਸੇ,
ਤੀਆਂ ਦੱਸ ਫਿਰ ਕੁੜੀਆਂ ਕਿੰਝ ਮਨਾਉਣਗੀਆਂ।

ਵਸਲ ਹੋਣ ਤਾਂ ਖੁਸ਼ੀਆਂ ਦੂਣ ਸਵਾਈਆਂ ਨੇ,
ਵਿੱਚ ਬਿਰਹਾ ਦੇ ਯਾਦਾਂ ਹੋਰ ਸਤਾਉਣਗੀਆਂ।

'ਪ੍ਰੀਤ' ਵਰ੍ਹੇ ਬੱਦਲ ਜਦ ਜਲ ਥਲ ਹੋਈ ਤਾਂ,
ਰਲ ਮਿਲ ਚਿੜੀਆਂ ਪਾਣੀ ਵਿੱਚ ਨਹਾਉਣਗੀਆਂ।

## ਤਨ ਦਾ ਕੀ ਹੈ

ਤਨ ਦਾ ਕੀ ਹੈ ਮਨ ਦੀਆਂ ਗੱਲਾਂ ਕਰ ਪਿਆਰੇ।
ਦੁਨੀਆਂ ਬੜਾ ਡਰਾਉਂਦੀ ਹੈ ਨਾ ਡਰ ਪਿਆਰੇ।

ਡਰ ਨਾ ਦੁੱਖਾਂ ਤੋਂ ਦੁੱਖ ਜੀਵਨ ਦਾ ਦਾਰੂ,
ਰੱਖ ਜਿਗਰਾ ਥੰਮ੍ਹ ਵਰਗਾ, ਦੁੱਖ ਨੂੰ ਜਰ ਪਿਆਰੇ।

ਇਸ਼ਕ ਵਣਜ ਤਾਂ ਵਣਜ ਰਿਹਾ ਹੈ ਘਾਟੇ ਦਾ,
ਚਲ ਇਸ ਰਾਹ ਤੇ ਇਸ਼ਕ ਦੀ ਚੱਟੀ ਭਰ ਪਿਆਰੇ।

ਦੁਨੀਆਂ ਦੇ ਸਭ ਰੰਗ ਤਮਾਸ਼ੇ ਝੂਠੋ ਝੂਠ,
ਇੱਕੋ ਸੱਚਾ ਉਸ ਮਾਲਕ ਦਾ ਘਰ ਪਿਆਰੇ।

ਹੋਇਆ ਕੀ ਜੇ ਇਸ਼ਕ ਦਾ ਬਦਲਾ ਇਸ਼ਕ ਨਹੀਂ,
ਸੋਚ ਸੋਚ ਕੇ ਐਵੇਂ ਨਾ ਤੂੰ ਮਰ ਪਿਆਰੇ।

ਧੀ ਦਾ ਬਾਬਲ ਫਿਰ ਵੀ ਨੀਂਵਾ ਰਹਿੰਦਾ ਹੈ,
ਪਾਲੇ ਪੋਸੇ ਲੱਭ ਕੇ ਦੇਵੇ ਵਰ ਪਿਆਰੇ।

ਕੋਈ ਕਿਸੇ ਦਾ 'ਪ੍ਰੀਤ' ਨ ਦਿੱਤਾ ਖਾਂਦਾ ਹੈ;
ਅਪਣੀ ਕਿਸਮਤ ਦਾ ਸ਼ੁਕਰਾਨਾ ਕਰ ਪਿਆਰੇ।

## ਆ ਕੇ ਬਹਿ ਜਾ ਕੋਲ ਜ਼ਰਾ

ਆ ਕੇ ਬਹਿ ਜਾ ਕੋਲ ਜ਼ਰਾ।
ਕੁਝ ਤਾਂ ਮੂੰਹੋਂ ਬੋਲ ਜ਼ਰਾ।

ਕੀ ਹੈ ਤੇਰੇ ਦਿਲ ਅੰਦਰ,
ਕੁਝ ਤਾਂ ਘੁੰਡੀ ਖੋਲ੍ਹ ਜ਼ਰਾ।

ਇਸ਼ਕ 'ਚ ਹੁੰਦੀ ਸਿੱਧੀ ਗੱਲ,
ਗੱਲ ਨਾ ਹੁੰਦੀ ਗੋਲ ਜ਼ਰਾ।

ਦੂਸਰਿਆਂ ਨੂੰ ਫਿਰ ਦੇਖੀਂ,
ਪਹਿਲਾਂ ਖ਼ੁਦ ਪੜਚੋਲ ਜ਼ਰਾ।

ਆਇਓਂ ਕਿਥੇ ਆਪ ਗੁਆ,
ਅਪਣੇ ਆਪ ਨੂੰ ਟੋਲ ਜ਼ਰਾ।

ਸਭ ਕੁਝ ਤੈਨੂੰ ਮਿਲ ਜਾਊ,
ਅਪਣਾ ਆਪ ਫਰੋਲ ਜ਼ਰਾ।

ਦੇਖੀਂ ਹੱਥ ਨਾ ਛੱਡ ਦਈਂ,
'ਪ੍ਰੀਤ' ਹੈ ਦਿਲ ਦੀ ਸੋਲ੍ਹ ਜ਼ਰਾ।

## ਤਨ ਉਜਲੇ ਮਨ ਕਾਲੇ ਦੇਖੇ

ਤਨ ਉਜਲੇ ਮਨ ਕਾਲੇ ਦੇਖੇ।
ਆਪੋ ਅਪਣੇ ਪਾਲੇ ਦੇਖੇ।

ਕਰਦੇ ਘਾਲੇ ਮਾਲੇ ਦੇਖੇ।
ਅੰਨ੍ਹੇ ਅੱਖਾਂ ਵਾਲੇ ਦੇਖੇ।

ਸਾਫ਼ ਸਫ਼ਾਈਆਂ ਦੇਵਣ ਵਾਲੇ,
ਕਰਦੇ ਧੰਦੇ ਕਾਲੇ ਦੇਖੇ।

ਵਿਆਹ ਦਾ ਚਾਅ ਤੇ ਹਾਸਾ ਠੱਠਾ,
ਨੱਚਦੇ ਜੀਜੇ ਸਾਲੇ ਦੇਖੇ।

ਵੱਸਦੇ ਘਰ ਹੀ ਘਰ ਹੁੰਦੇ ਨੇ,
ਬੰਦ ਘਰਾਂ ਵਿਚ ਜਾਲੇ ਦੇਖੇ।

ਜੱਗ ਦਾ ਇਹ ਦਸਤੂਰ ਹੈ ਕੈਸਾ,
ਰੋਂਦੇ ਧੀਆਂ ਵਾਲੇ ਦੇਖੇ।

ਭਰ ਜੋਬਨ ਬਰਸਾਤ ਪਈ ਤਾਂ,
ਉਛਲੇ ਨਦੀਆਂ ਨਾਲੇ ਦੇਖੇ।

ਉਪਰੋਂ ਮਿੱਠਾ ਬੋਲਣ ਵਾਲੇ,
ਹੇਠੋਂ ਛੁਰੀਆਂ ਵਾਲੇ ਦੇਖੇ।

ਵਿਚ ਅਦਾਲਤ ਜ਼ੋਰ ਜਬਰ ਸੀ,
ਪਰ ਮੂੰਹਾਂ ’ਤੇ ਤਾਲੇ ਦੇਖੇ।

ਹੈ ਹੈਰਾਨ ‘ਪ੍ਰੀਤ’ ਵੀ ਮੁਨਸਫ਼,
ਕਰਦੇ ਘਾਲੇ ਮਾਲੇ ਦੇਖੇ।

# ਜਦੋਂ ਕਦੇ ਦਿਲ ਤਾਈਂ

ਜਦੋਂ ਕਦੇ ਦਿਲ ਤਾਈਂ ਹੈ ਸਹਾਰਾ ਚਾਹੀਦਾ।
ਉਦੋਂ ਅੱਖਾਂ ਤਾਈਂ ਤੇਰਾ ਹੀ ਨਜ਼ਾਰਾ ਚਾਹੀਦਾ।

ਅਸੀਂ ਤੇਰੀ ਦੀਦ ਨਾਲ ਕਦੇ ਰੱਜਦੇ ਨਹੀਂ,
ਇਹੀ ਵਾਰ ਵਾਰ ਸੱਜਣਾ ਦੁਬਾਰਾ ਚਾਹੀਦਾ।

ਰੱਖੇ ਇੱਜ਼ਤਾਂ ਦਾ ਪਾਸ, ਰੱਖੇ ਰੂਹ 'ਚ ਨਿਵਾਸ,
ਮੈਨੂੰ ਇਹੋ ਜਿਹਾ ਸੱਜਣ ਪਿਆਰਾ ਚਾਹੀਦਾ।

ਜਿਹੜਾ ਸਾਰੇ ਘਰ ਵਿਚ ਕਰ ਦੇਵੇ ਰੋਸ਼ਨੀ,
ਮੈਨੂੰ ਇਕੋ ਚੰਨ ਇਕੋ ਹੀ ਸਿਤਾਰਾ ਚਾਹੀਦਾ।

ਅਸੀਂ ਟੁੱਟ ਕੇ ਵੀ ਪੀਂਘ ਦੇ ਹੁਲਾਰੇ ਬਣਾਂਗੇ,
ਪਹਿਲਾਂ ਸਾਨੂੰ ਤੇਰੀ ਪੀਂਘ ਦਾ ਹੁਲਾਰਾ ਚਾਹੀਦਾ।

ਸਾਨੂੰ ਤੇਰੀ ਕੁਲੀ ਵਿੱਚ ਵੀ ਹੈ ਰਹਿਣਾ ਮਨਜ਼ੂਰ,
ਸਾਨੂੰ ਨਹੀਂ ਕਿਸੇ ਹੋਰ ਦਾ ਚੁਬਾਰਾ ਚਾਹੀਦਾ।

ਤੇਰੇ ਸਾਥ ਵਿਚ ਭੰਵਰਾਂ ਤੋਂ ਡਰ ਕਾਹਦਾ ਸਾਨੂੰ,
ਤੇਰੇ ਪਿਆਰ ਦਾ ਹੀ 'ਪ੍ਰੀਤ' ਨੂੰ ਸਹਾਰਾ ਚਾਹੀਦਾ।

## ਹਾਲੇ ਵੀ ਜੀਵਨ ਤੋਂ ਦੂਰ

ਹਾਲੇ ਵੀ ਜੀਵਨ ਤੋਂ ਦੂਰ ਉਜਾਲੇ ਨੇ।
ਪੈਰਾਂ ਹੇਠਾਂ ਰਿਸਦੇ ਹੋਏ ਛਾਲੇ ਨੇ।

ਇਸ਼ਕਾਂ ਦੇ ਨਾ ਆਏ ਜ਼ਮਾਨੇ ਹਾਲੇ ਨੇ।
ਨਜ਼ਰਾਂ ਦੇ ਨੇ ਪਹਿਰੇ ਬਰਛੇ ਭਾਲੇ ਨੇ।

ਦੁੱਧ ਚਿੱਟੇ ਨੇ ਵਸਤਰ ਪੀਰ ਕਹਾਉਂਦੇ ਨੇ,
ਕਰਦੇ ਰਹਿੰਦੇ ਇਹ ਵੀ ਘਾਲੇ ਮਾਲੇ ਨੇ।

ਕਰਨ ਮਸ਼ੀਨਾਂ ਵਾਢੀ ਬੀਜਣ ਸਿੰਝਣ ਵੀ,
ਵਿਲਕਣ ਦਾਤੀ, ਹਲ, ਕਹੀਆਂ ਤੇ ਫਾਲੇ ਨੇ।

ਹਿੰਮਤ ਵਾਲੇ 'ਪ੍ਰੀਤ' ਬਣਾ ਲੈਂਦੇ ਜੀਵਨ,
ਢਿੱਲੜ-ਚਾਲੇ ਰਹਿੰਦੇ ਮੰਦੇ ਹਾਲੇ ਨੇ।

## ਮਹਿਕੀਆਂ ਰੁੱਤਾਂ ਆਉਣਗੀਆਂ

ਮਹਿਕੀਆਂ ਰੁੱਤਾਂ ਆਉਣਗੀਆਂ ਤੇ ਆ ਆ ਕੇ ਤੁਰ ਜਾਣਗੀਆਂ।
ਆਉਂਦੀਆਂ ਜਾਂਦੀਆਂ ਪਰ ਇਹ ਸਾਨੂੰ ਹਰ ਵਾਰੀ ਤੜਪਾਣਗੀਆਂ।

ਸੋਨ ਸੁਨਹਿਰੀ ਰੁੱਤੇ ਵੀ ਤੂੰ ਤੱਕਿਆ ਅੱਖ ਉਠਾ ਕੇ ਨਾ,
ਕਾਲੀ ਰੁੱਤੇ ਤੇਰੀਆਂ ਗੱਲਾਂ ਮਨ ਮੇਰੇ ਨਾ ਭਾਣਗੀਆਂ।

ਬੰਦੇ ਵਿਚੋਂ ਮਨਫ਼ੀ ਬੰਦਾ, ਰਿਸ਼ਤੇ 'ਚੋਂ ਰਿਸ਼ਤਾ ਮਨਫ਼ੀ,
ਅੱਖੀਆਂ ਸਾਹਵੇਂ ਬਣਦੀਆਂ ਪੈੜਾਂ ਸਾਨੂੰ ਸਦਾ ਸਤਾਣਗੀਆਂ।

ਜੇਕਰ ਅਣਖ ਮਨੁੱਖੀ ਤੇਰੇ ਵਿਚ ਤਾਂ ਮੇਰੇ ਵਿਚ ਵੀ ਹੈ,
ਤੈਨੂੰ ਮੇਰੀਆਂ ਕਹੀਆਂ ਗੱਲਾਂ ਸਾਰੀ ਉਮਰੇ ਖਾਣਗੀਆਂ।

ਵੱਡਾ ਕੋੜ੍ਹ ਭਰੂਣੀ ਹੱਤਿਆ ਖੋਰਾ ਲੱਗਿਆ ਜ਼ਿੰਦਗੀ ਨੂੰ,
ਨਹੀਂ ਸੋਚਿਆ 'ਪ੍ਰੀਤ' ਕਿ ਕੁੜੀਆਂ ਚਿੜੀਆਂ ਕਿਥੋਂ ਆਣਗੀਆਂ।

# ਅਸਾਂ ਨੇ ਖ਼ੂਬਸੂਰਤ ਸਾਲ

ਅਸਾਂ ਨੇ ਖ਼ੂਬਸੂਰਤ ਸਾਲ ਜ਼ਿੰਦਗੀ ਦੇ ਗਵਾਏ ਨੇ।
ਬਚੇ ਜੋ ਸਾਲ ਬਾਕੀ ਉਹ ਵੀ ਤੇਰੇ ਗ਼ਮ ਹੰਢਾਏ ਨੇ।

ਹੋਈ ਬਰਸਾਤ ਤਾਂ ਸੀ, ਇਸ ਤਰ੍ਹਾਂ ਬਰਸਾਤ ਹੋਈ ਸੀ,
ਕਿਸੇ ਬਿਰਹਨ ਜਿਵੇਂ ਹੰਝੂ ਵਿਛੋੜੇ ਵਿੱਚ ਵਹਾਏ ਨੇ।

ਜਿਸਮ 'ਤੇ ਰੋਮ ਨੇ ਘੱਟ ਪਰ ਤੇਰੇ ਇਲਜ਼ਾਮ ਨੇ ਜ਼ਿਆਦਾ,
ਨਹੀਂ ਸੀ ਸੋਚਿਆ ਜਿਹੜੇ ਸਮੇਂ ਹੁਣ ਉਹ ਵੀ ਆਏ ਨੇ।

ਕਹੇ ਜੋ ਬੋਲ ਤੇਰੇ ਯਾਦ ਨੇ ਤੇ ਯਾਦ ਰਹਿਣੇ ਵੀ,
ਜੋ ਉਕਰੇ ਪੱਥਰਾਂ 'ਤੇ ਲਫ਼ਜ਼ ਨ ਜਾਂਦੇ ਮਿਟਾਏ ਨੇ।

ਕਦੇ ਦਿਲ ਪੁੱਛਦਾ ਖ਼ੁਦ ਨੂੰ ਬੜਾ ਹੈਰਾਨ ਹੋ ਹੋ ਕੇ,
ਵਰ੍ਹੇ ਇਹ ਜ਼ਿੰਦਗੀ ਦੇ ਕੀਮਤੀ ਕੀਕਰ ਗਵਾਏ ਨੇ।

ਬੜੀ ਹੀ ਪਰਖ ਤੂੰ ਕੀਤੀ ਦੁੱਖਾਂ ਦੀ ਅੱਗ ਵਿਚ ਤਾਅ ਕੇ,
ਮੈਂ ਫਿਰ ਵੀ ਗ਼ਮ ਤੇਰੀ ਖਾਤਰ ਹੀ ਝੋਲੀ ਵਿੱਚ ਪੁਆਏ ਨੇ।

ਕਰੋ ਕੋਈ ਗਿਲਾ ਸ਼ਿਕਵਾ ਨਾ ਕੋਈ ਰੋਸ ਐਵੇਂ ਹੀ,
ਬੜੇ ਨੇ ਗਮ ਕਿ ਜਿਹੜੇ 'ਪ੍ਰੀਤ' ਮੇਰੀ ਨੇ ਹੰਢਾਏ ਨੇ।

# ਇਸ਼ਕ ਕਮਾਉਣਾ

ਇਸ਼ਕ ਕਮਾਉਣਾ ਗੱਲ ਹੈ ਬੜੇ ਕਮਾਲਾਂ ਦੀ।
ਰਾਂਝੇ ਜੋਗੀ ਦੀ ਤੇ ਹੀਰ ਸਿਆਲਾਂ ਦੀ।

ਰਾਜ-ਭੋਜ ਨੇ ਲਾਉਂਦੇ ਅੱਜ ਦੇ ਭਾਗੋ ਵੀ,
ਸੁੱਕੀ ਰੋਟੀ ਚੰਗੀ ਹੱਕ-ਹਲਾਲਾਂ ਦੀ।

ਦੇਖਣ ਨੂੰ ਤਾਂ ਪੀਡੀਆਂ ਗੰਢਾਂ ਨੇ ਰਿਸ਼ਤੇ,
ਪਰਖੇ ਜਾਂਦੇ ਵੰਡ ਜਦ ਪਏ ਕਨਾਲਾਂ ਦੀ।

ਢੰਗ ਇਸ਼ਕਾਂ ਦੇ ਬਦਲੇ ਤੌਰ ਤਰੀਕੇ ਵੀ,
ਬਦਲੀ ਰੀਤ ਹੈ ਛੱਲੇ ਅਤੇ ਰੁਮਾਲਾਂ ਦੀ।

'ਪ੍ਰੀਤ' ਹੈ ਚਾਹੁੰਦੀ ਸੁੱਖ ਸਲਾਮਤ ਦੁਨੀਆਂ ਦੀ,
ਮੌਤ ਮੰਗਦੀ ਦੋਖੀਆਂ ਅਤੇ ਦਲਾਲਾਂ ਦੀ।

## ਐ ਮੇਰੇ ਦਿਲ ਭੋਲਿਆ

ਐ ਮੇਰੇ ਦਿਲ ਭੋਲਿਆ।
ਕਿਉਂ ਫਿਰੇਂ ਤੂੰ ਡੋਲਿਆ।

ਜੋ ਨਾ ਦੁੱਖ ਨੂੰ ਸਮਝਿਆ,
ਓਸੇ ਅੱਗੇ ਫੋਲਿਆ।

ਦਾਗ਼ ਦਿੱਤਾ ਬੇ-ਵਫ਼ਾ,
ਨਾਲ ਹੰਝੂ ਧੋ ਲਿਆ।

ਜਦ ਉਹ ਹੋਇਆ ਸਾਹਮਣੇ,
ਕੁਝ ਗਿਆ ਨਾ ਬੋਲਿਆ।

ਮਨ ਨੂੰ ਹੌਲਾ ਕਰਨ ਲਈ,
ਬੈਠ ਕੇ ਸੀ ਰੋ ਲਿਆ।

ਜ਼ਿੰਦਗੀ ਨੂੰ ਮੋੜਨਾ,
ਜ਼ਿੰਦਗੀ ਤੋਂ ਜੋ ਲਿਆ।

'ਪ੍ਰੀਤ' ਜਦ ਘਰ ਤੋਂ ਤੁਰੀ,
ਨਾਲ ਗ਼ਮ ਸੀ ਹੋ ਲਿਆ।

## ਤੂੰ ਕੀ ਜਾਣੇ ਨਿਰਮੋਹਿਆ

ਤੂੰ ਕੀ ਜਾਣੇ ਨਿਰਮੋਹਿਆ ਕੀ ਹੁੰਦੀ ਪ੍ਰੀਤ।
ਪ੍ਰੀਤ ਬਿਨਾ ਨਾ ਵਰਤਮਾਨ ਨਾ ਰਿਹਾ ਅਤੀਤ।

ਕੋਲ ਰਹਿੰਦਿਆਂ ਵੀ ਸੀ ਭਟਕਣ ਤੇ ਹੁਣ ਵੀ,
ਏਸੇ ਦੇ ਵਿੱਚ ਸਾਲ ਸੁਨਹਿਰੀ ਗਏ ਨੇ ਬੀਤ।

ਉਪਰੋਂ ਉਪਰੋਂ ਰੱਖਣ ਰਿਸ਼ਤਾ ਰਿਸ਼ਤੇਦਾਰ,
ਅੰਦਰੋਂ ਮਤਲਬ ਦੇ ਰਿਸ਼ਤੇ ਨਾ ਕੋਈ ਮੀਤ।

ਗੈਰਾਂ ਦੇ ਸੰਗ ਲਗ ਕੇ ਰੁਲਿਉਂ ਖ਼ੁਦ ਹੀ ਤੂੰ,
ਰੋਲੀਆਂ ਮੇਰੀਆਂ ਕਵਿਤਾਵਾਂ ਤੇ ਮੇਰੇ ਗੀਤ।

ਸ਼ੱਕ ਤੇਰੇ ਮਨ ਦੇ ਨੇ ਡੂੰਘੇ ਨਹੀਂ ਮਿਟਣੇ,
ਨਾ ਆਈ ਨਾ ਆਉਣੀ ਹੈ ਤੈਨੂੰ ਪ੍ਰਤੀਤ।

ਜੋੜ ਮਿਲਾਇਆ ਰੱਬ ਸੀ ਲੋਕ ਵਿਛੋੜ ਗਏ,
ਭਰਮ ਭੁਲੇਖੇ ਫਸਣਾ ਇਹ ਨਾ ਚੰਗੀ ਰੀਤ।

ਅੱਖਾਂ ਦੇ ਵਿਚ ਤੇਰੇ ਖ਼ਾਬ ਸੁਨਹਿਰੀ ਸਨ,
ਪਰ ਤੂੰ ਘੱਟੇ ਮਿੱਟੀ ਰੋਲੇ ਖ਼ਾਬ ਪ੍ਰੀਤ।

## ਮੇਰੀ ਨਜ਼ਰ ਨੂੰ ਤਾਂਘ ਹੈ

ਮੇਰੀ ਨਜ਼ਰ ਨੂੰ ਤਾਂਘ ਅਨੋਖੇ ਜਹੇ ਨੂਰ ਦੀ।
ਤਾਂਘਾਂ ਦੀ ਦੋਸਤੀ ਤੇ ਯਾਦਾਂ ਦੇ ਪੂਰ ਦੀ।

ਅਕਸਰ ਕਦੇ ਕਦੇ ਹਾਂ ਮੈਂ ਸੋਚਦੀ ਜ਼ਰੂਰ,
ਮੈਨੂੰ ਸਜ਼ਾ ਮਿਲੀ ਹੈ ਇਹ ਕਿਹੜੇ ਕਸੂਰ ਦੀ।

ਉਮਰਾਂ ਤੋਂ ਵੀ ਲਮੇਰੀ ਹੈ ਇਹ ਚੀਸ ਮਹਿਰਮਾ,
ਨਾ ਚੀਸ ਮੁੱਕਣੀ ਹੈ ਨ ਹਸਤੀ ਨਸੂਰ ਦੀ।

ਤੂੰ ਤੁਰ ਗਿਉਂ ਰਹੀ ਨਾ ਜ਼ਿੰਦਗੀ ਮੇਰੇ ਲਈ,
ਫੁੱਲਾਂ ਦੀ ਮਹਿਕ ਮੋਈ ਰਹਿੰਦੀ ਹੈ ਝੂਰਦੀ।

ਪਰਦਾ ਵੀ ਪਾਰਦਰਸ਼ੀ ਖੁੱਲ੍ਹੇ ਕਵਾੜ ਸੀ,
ਏਧਰ ਨਿਗ੍ਹਾ ਪੈ ਜਾਏ ਸ਼ਾਇਦ ਹਜ਼ੂਰ ਦੀ।

ਹਰਦਮ 'ਪ੍ਰੀਤ' ਲੋਚੇ ਤੇਰੀ ਹੀ ਦੀਦ ਨੂੰ,
ਨਜ਼ਰਾਂ ਤੋਂ ਝਰੇ ਮਸਤੀ ਤੇਰੇ ਸਰੂਰ ਦੀ।

## ਬੇਸ਼ੱਕ ਕੁਝ ਵੀ ਮੂੰਹੋਂ ਬੋਲ

ਬੇਸ਼ੱਕ ਕੁਝ ਵੀ ਮੂੰਹੋਂ ਬੋਲ।
ਪਰ ਬੋਲਣ ਤੋਂ ਪਹਿਲਾਂ ਤੋਲ।

ਅੰਦਰ ਦੀ ਆਵਾਜ਼ ਵੀ ਸੁਣ,
ਖ਼ੁਦ ਨੂੰ ਕਰ ਕੇ ਰੂਹ ਦੇ ਕੋਲ।

ਦੁਰਲਭ ਮਿਲਦੀ ਮਾਨਸ ਦੇਹ,
ਘੱਟੇ ਮਿੱਟੀ ਵਿਚ ਨਾ ਰੋਲ।

ਮੜ੍ਹੀ ਮਸਾਣੀਂ ਖੇਹ ਨਾ ਛਾਣ,
ਖ਼ੁਦ ਨੂੰ ਪਹਿਲਾਂ ਆਪ ਫਰੋਲ।

ਮੈਂ ਤਾਂ ਤੇਰੇ ਕੋਲ ਖੜ੍ਹੀ ਹਾਂ,
ਪਰ ਤੂੰ ਓਧਰ ਰਿਹਾ ਏਂ ਟੋਲ੍ਹ।

ਛੱਡ ਪਰਾਈ ਆਸ 'ਪ੍ਰੀਤ',
ਅਪਣਾ ਹੀ ਤੂੰ ਖੀਸਾ ਫੋਲ।

# ਦਿਲ ਦਾ ਹਾਲ

ਦਿਲ ਦਾ ਹਾਲ ਸੁਣਾਵਾਂ ਕਿਸ ਨੂੰ,
ਪੀੜ ਦੀ ਚੀਕ ਸੁਣਾਵਾਂ ਕਿਸ ਨੂੰ।

ਆਪਣਿਆਂ ਹੀ ਕਰਮਾਂ ਦੀਆਂ,
ਦੇਵਾਂ ਯਾਰ ਸਜ਼ਾਵਾਂ ਕਿਸ ਨੂੰ।

ਲਫ਼ਜ਼ ਮੇਰੇ ਹੀ ਸਾਥ ਨਾ ਦੇਂਦੇ,
ਲਫ਼ਜ਼ਾਂ ਵਿਚ ਸਜਾਵਾਂ ਕਿਸ ਨੂੰ।

ਪੀੜ ਪੀੜ ਹੋਇਆ ਜੱਗ ਸਾਰਾ,
ਰੱਖਾਂ ਕਿਹਨੂੰ ਲੁਕਾਵਾਂ ਕਿਸਨੂੰ।

ਵਿਚ ਹਨੇਰ ਖੜੀ ਹੋਈ ਹਾਂ,
ਆਖਾਂ ਮੈਂ ਪ੍ਰਛਾਵਾਂ ਕਿਸ ਨੂੰ।

ਸ਼ੀਸ਼ੇ ਵਰਗਾ ਸਾਫ਼ ਕੋਈ ਨਾ,
ਮੁੱਖ ਅਪਣਾ ਦਿਖਲਾਵਾਂ ਕਿਸ ਨੂੰ।

'ਪ੍ਰੀਤ' ਕਹਾਣੀ ਕਿਹਨੂੰ ਸੁਣਾਵਾਂ,
ਅਪਣੇ ਕੋਲ ਬਿਠਾਵਾਂ ਕਿਸ ਨੂੰ।

## ਬਹੁਤ ਕੋਸ਼ਿਸ਼ ਕਰ ਲਈ

ਬਹੁਤ ਕੋਸ਼ਿਸ਼ ਕਰ ਲਈ ਸਮਝਾਣ ਦੀ।
ਪਰ ਨਾ ਆਦਤ ਛੱਡੀ ਉਸ ਰੁਸ ਜਾਣ ਦੀ।

ਰੋਸ ਤੇਰੇ ਤੋਂ ਰਹੇ ਡਰਦੇ ਅਸੀਂ,
ਜਾਚ ਆਈ ਹੀ ਨਹੀਂ ਪ੍ਰਚਾਣ ਦੀ।

ਭੁੱਲ ਜਾਂਦੈ ਪਿਆਰ ਵਿੱਚ ਸਾਰਾ ਜਹਾਨ,
ਗੱਲ ਕਰਦੇ ਹੋ ਤੁਸੀਂ ਕਿਉਂ ਮਾਣ ਦੀ।

ਖੁੱਲ੍ਹ ਕੇ ਜੋ ਗੱਲ ਕਰਨੀ ਕਰ ਲਈਂ,
ਪਿਆਰ ਵਿੱਚ ਕੀ ਲੋੜ ਹੈ ਸ਼ਰਮਾਣ ਦੀ।

ਰੋਸ ਤਾਂ ਝੂਠਾ ਅਸਾਂ ਦੋਹਾਂ ਦਾ ਹੈ,
'ਪ੍ਰੀਤ' ਬੈਠੀਂ, ਗੱਲ ਕਰੀਂ ਨਾ ਜਾਣ ਦੀ।

## ਮਿਲਣਾ ਤੇਰੇ ਨਾਲ

ਮਿਲਣਾ ਤੇਰੇ ਨਾਲ ਜੇ ਮੇਰਾ ਹੋ ਜਾਏ।
ਤਾਂ ਜੀਵਨ ਇਕ ਨਵਾਂ ਸਵੇਰਾ ਹੋ ਜਾਵੇ।

ਤੂੰ ਆਵੇਂ ਤਾਂ ਜਗਮਗ ਚਾਰ-ਚੁਫੇਰੇ ਹੀ,
ਤੂੰ ਜਾਵੇਂ ਹਰ ਤਰਫ ਹਨੇਰਾ ਹੋ ਜਾਏ।

ਤੇਰੀ ਦਸਤਕ ਸੁਣਕੇ ਜਗ ਪੈਂਦੇ ਦੀਵੇ,
ਪਲ ਵਿਚ ਰੋਸ਼ਨ ਚਾਰ-ਚੁਫੇਰਾ ਹੋ ਜਾਏ।

ਮੇਰੇ ਦਿਲ ਦੀ ਹਸਰਤ ਏਹੀ ਕਹਿੰਦੀ ਹੈ,
ਤੇਰਾ ਘਰ ਤੇਰਾ ਨਹੀਂ, ਮੇਰਾ ਹੋ ਜਾਏ।

ਭੁੱਖ ਗਰੀਬੀ ਅਤੇ ਜਹਾਲਤ ਮੇਟਣ ਲਈ,
ਹੰਭਲਾ ਮਾਰੋ ਯਤਨ ਉਚੇਰਾ ਹੋ ਜਾਏ।

ਮੈਂ ਸਹਿਣੇ ਨੇ ਤਿੱਖੇ ਖੰਜਰ ਬੋਲਾਂ ਦੇ,
ਕਰੋ ਦੁਆਵਾਂ ਵੱਡਾ ਜੇਰਾ ਹੋ ਜਾਏ।

ਦਿਲ ਦੀ ਅਦਲਾ ਬਦਲੀ ਪਿਆਰ ’ਚ ਇੰਝ ਹੋਵੇ,
ਤੇਰਾ ਮੇਰਾ, ਮੇਰਾ ਤੇਰਾ ਹੋ ਜਾਏ।

ਦੂਰ ਨਾ ਜਾਈਂ ਮੈਨੂੰ ਛੱਡ ਕੇ ਤੂੰ ਸੱਜਣਾ,
ਉਹ ਨਾ ਹੋਵੇ ਘੁੱਪ ਹਨੇਰਾ ਹੋ ਜਾਏ।

‘ਪ੍ਰੀਤ’ ਨੇ ਪੁੱਜ ਕੇ ਮੰਜ਼ਿਲ ’ਤੇ ਹੀ ਦਮ ਲੈਣਾ,
ਹੁੰਦਾ ਹੈ ਜੇ ਪੰਧ ਲੰਮੇਰਾ ਹੋ ਜਾਏ।

## ਮੈਂ ਤੱਕਿਆ ਸੀ ਨੈਣੀਂ

ਮੈਂ ਤੱਕਿਆ ਸੀ ਨੈਣੀਂ ਅੱਥਰੂ ਭਰ ਕੇ।
ਉਸ ਨਾ ਤੱਕਿਆ ਮੂੰਹ ਮੇਰੇ ਵਲ ਕਰ ਕੇ।

ਤੂੰ ਕੀ ਮੇਰੇ ਇਸ਼ਕ ਦੀ ਸ਼ਿੱਦਤ ਜਾਣੇ,
ਮੈਂ ਤਾਂ ਆਵਾਂਗੀ ਕੱਚਿਆਂ ਤੇ ਤਰ ਕੇ।

ਮੈਂ ਫੁੱਲ ਵਰਗੀ ਫੁੱਲਾਂ ਵਰਗੇ ਸੱਜਣਾ,
ਸਾਥ ਨਾ ਛੱਡਾਂਗੀ ਕੰਡਿਆਂ ਤੋਂ ਡਰ ਕੇ।

ਹਾਦਸਿਆਂ ਦੇ ਬਿਨ ਹੈ ਕਾਹਦਾ ਜੀਵਨ,
ਵੇਖ ਲਏ ਸਭ ਘੋਰ ਹਾਦਸੇ ਜਰ ਕੇ।

ਹੋਈ ਦੂਰੀ ਵਿਚ ਮਜ਼ਬੂਰੀ ਵੇ ਸੱਜਣਾ,
ਸੱਚੀਆਂ ਸਾਂਝਾਂ ਤਾਂ ਮੁੱਕਣ ਨਾ ਮਰ ਕੇ।

ਹੋਈ ਨਾ ਤਸਵੀਰ ਤੇਰੀ ਸੀ ਧੁੰਦਲੀ,
ਭਾਵੇਂ ਡੋਲ੍ਹੇ ਅੱਥਰੂ ਅੱਖੀਆਂ ਭਰ ਕੇ।

'ਪ੍ਰੀਤ' ਕੀ ਉਸ ਦੇ ਪਿਆਰ 'ਚ ਪੈਣੀ ਪੂਰੀ,
ਪਿਆਰ ਕਰੇ ਜੋ ਇਲਜ਼ਾਮਾਂ ਤੋਂ ਡਰ ਕੇ।

## ਜਦ ਕਦੇ ਉਹ ਦਾਸਤਾਂ

ਜਦ ਕਦੇ ਉਹ ਦਾਸਤਾਂ ਆਪਣੀ ਸੁਣਾਇਆ ਕਰਨਗੇ।
ਰੋਣਗੇ ਖੁਦ ਵੀ ਤੇ ਸਾਨੂੰ ਵੀ ਰੁਲਾਇਆ ਕਰਨਗੇ।

ਪੱਤਝੜੇ ਰੁੱਖਾਂ ਦੀ ਜਿਹਨਾਂ ਵੇਦਨਾ ਸਮਝੀ ਨਹੀਂ,
ਉਹ ਕਿਸੇ ਦੀ ਪੀੜ ਨੂੰ ਕੀ ਸਮਝ ਪਾਇਆ ਕਰਨਗੇ।

ਆਉਣਗੇ ਪ੍ਰਵਾਸ ਤੋਂ ਜਦ ਪਰਤ ਕੇ ਅਪਣੇ ਗਰਾਂ,
ਇਕ ਨਵਾਂ ਪ੍ਰਵਾਸ ਏਥੇ ਵੀ ਹੰਢਾਇਆ ਕਰਨਗੇ।

ਆਪ ਅਪਣੀ ਗੱਲ ਸੁਣਾ ਕੇ ਕਰਨਗੇ ਅਹਿਸਾਨ ਜਿਉਂ,
ਪਰ ਕਿਸੇ ਦੀ ਸੁਣਦਿਆਂ ਹੀ ਤਿਲਮਿਲਾਇਆ ਕਰਨਗੇ।

ਦਿਲ 'ਚ ਪਾਉਂਦੇ ਠੰਢ ਸੀ ਜੋ ਆਣ ਮੁੱਦਤ ਬਾਅਦ ਉਹ,
ਹੋ ਪਰਾਏ ਮਿਲਣਗੇ ਤੇ ਦਿਲ ਜਲਾਇਆ ਕਰਨਗੇ।

ਜ਼ਿੰਦਗੀ ਦੇ ਘੋਰ ਸੰਘਣੇ ਨ੍ਹੇਰਿਆਂ ਵਿੱਚ ਐ 'ਪ੍ਰੀਤ',
ਤੇਰਿਆਂ ਸ਼ਬਦਾਂ 'ਚ ਜੁਗਨੂੰ ਝਿਲਮਿਲਾਇਆ ਕਰਨਗੇ।